# ਅੰਮ੍ਰਿਤ ਕੀਰਤਨ

ਜਨਵਰੀ 2006

# Amrit Kirtan



ਆਨਰੇਰੀ ਸੰਪਾਦਕ
ਡਾ. ਜਾਗੀਰ ਸਿੰਘ

# ਅੰਮ੍ਰਿਤ ਕੀਰਤਨ

ਸੰਗੀਤ ਅਤੇ ਕੀਰਤਨ ਸਬੰਧੀ ਤ੍ਰੈਭਾਸ਼ੀ ਮਾਸਿਕ ਪੱਤਰ
ਅੰਕ 1 ◆ ਸਾਲ ਅਠਾਰਵਾਂ ◆ ਜਨਵਰੀ 2006



ਸੰਪਾਦਕ (ਆਨਰੇਰੀ)
**ਡਾ. ਜਾਗੀਰ ਸਿੰਘ**
ਐਮ.ਏ. (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ), ਪੀ.ਐਚ.ਡੀ

ਸਹਾਇਕ ਸੰਪਾਦਕ (ਆਨਰੇਰੀ)
**ਡਾ. ਗੁਰਮੀਤ ਸਿੰਘ ਬੇਦਵਾਣ**, ਐਮ.ਏ., ਪੀ.ਐਚ.ਡੀ

ਸਹਿਯੋਗੀ
**ਸ. ਹਰਭਜਨ ਸਿੰਘ ▲ ਸ. ਉੱਤਮ ਸਿੰਘ**



- ▲ ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿੱਜੀ ਹਨ। ਇਨ੍ਹਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।
- ▲ 'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ: 4.8.90 ਮਿਤੀ 20.2.91 ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬ੍ਰੇਰੀਆਂ ਲਈ ਪ੍ਰਵਾਨਿਤ ਹੈ।
- ▲ Donations are eligible for relief u/s 80 G of Income-Tax Act, 1961 (43 of 1961) vide CIT/CHD/Tech./04-05/375 dated 30.04.2004/ 05.05.2004 valid upto 31.03.2007



**ਚੰਦੇ ਦਾ ਵੇਰਵਾ**

- ▲ **ਦੇਸ਼:** ਇਕ ਕਾਪੀ 15 ਰੁ., ਸਲਾਨਾ 150 ਰੁ. ਜੀਵਨ ਮੈਂਬਰ 1500 ਰੁ.
- ▲ **ਵਿਦੇਸ਼:** ਸਲਾਨਾ 30 $, ਜੀਵਨ ਮੈਂਬਰ 300 $
- ▲ 'ਅੰਮ੍ਰਿਤ ਕੀਰਤਨ' ਲਈ ਡਰਾਫਟ 'ਅੰਮ੍ਰਿਤ ਕੀਰਤਨ ਟ੍ਰਸਟ' ਦੇ ਨਾਮ ਹੀ ਭੇਜੇ ਜਾਣ ਜੀ।



**ਚਿੱਠੀ ਪੱਤਰ ਲਈ ਪਤਾ**
ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)
1246/1, ਸੈਕਟਰ 22-ਬੀ, ਚੰਡੀਗੜ੍ਹ 160 022
**ਫੋਨ** : 0172-2701396, 2713915

**ਰਚਨਾਵਾਂ ਭੇਜਣ ਲਈ ਪਤਾ**
ਸੰਪਾਦਕ, 'ਅੰਮ੍ਰਿਤ ਕੀਰਤਨ'
422, ਸੈਕਟਰ 15-ਏ, ਚੰਡੀਗੜ੍ਹ 160 015
**ਫੋਨ** : 0172-2772660, 09814053630

e-mail : drjagirsingh@rediffmail.com
Website : www.amritkirtan.org



| | |
|---|---|
| **ਕਰਉ ਬੇਨੰਤੀਆ**<br>*ਸੰਪਾਦਕੀ* | 2 |
| **ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰ**<br>*ਸੋਹਣ ਸਿੰਘ* | 4 |
| **ਸ੍ਰੀ ਗੁਰੂ ਅਰਜਨ ਦੇਵ ਜੀ ਦੀ ਭਾਰਤੀ ਸੰਗੀਤ ਨੂੰ ਦੇਣ**<br>*ਪ੍ਰੋ: ਜਸਬੀਰ ਕੌਰ* | 7 |
| **ਮੇਰੀ ਮਾਏ : ਮਾਤਾ ਨਰਿੰਦਰ ਕੌਰ ਜੀ**<br>*ਬੀਬੀ ਜਸਬੀਰ ਕੌਰ ਖਾਲਸਾ* | 9 |
| **ਕੀਰਤਨ ਸਮਾਗਮ : ਇਕ ਰਿਪੋਰਟ**<br>*ਗੁਰਜੰਤ ਸਿੰਘ ਰਾਹੀ* | 14 |
| **ਗੁਰੂ ਨਾਨਕ ਪ੍ਰਕਾਸ਼ ਗੁਰਪੁਰਬ ਦੇ ਵਿਦੇਸ਼ੋਂ ਦੀਦਾਰ**<br>*ਹਰਜਾਪ ਸਿੰਘ* | 16 |
| **ਰਾਗ ਵਿਵਰਨ-ਰਾਗੁ ਦੇਵਗੰਧਾਰੀ**<br>*ਪ੍ਰੋ: ਕਰਤਾਰ ਸਿੰਘ* | 18 |
| **Sound and Silence**<br>*Man Mohan Singh* | 20 |
| **ਸੁਰ ਲਿਪੀ**<br>*ਪ੍ਰੋ: ਨਰਿੰਦਰ ਕੌਰ* | 22 |
| **ਸੁਰ ਲਿਪੀ ਵਾਲੇ ਸ਼ਬਦ ਦੇ ਅਰਥ**<br>*ਮਨਮੋਹਨ ਸਿੰਘ* | 24 |



ਡਾ. ਜਾਗੀਰ ਸਿੰਘ, ਪ੍ਰਧਾਨ 'ਅੰਮ੍ਰਿਤ ਕੀਰਤਨ ਟ੍ਰਸਟ' ਨੇ ਸਿਰਜਣਾ ਪ੍ਰਿੰਟਰਜ਼ ਅਤੇ ਸਟੇਸ਼ਨਰਜ਼, ਐਸ. ਸੀ. ਐਫ. 107, ਫੇਜ਼-7, ਮੁਹਾਲੀ ਤੋਂ ਛਪਵਾ ਕੇ 422, ਸੈਕਟਰ 15-ਏ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ।



COMPUTER TYPE SETTING
sohal specials
Designers & Printers
Phone: 0172 - 5091443

**ਕਰਉ ਬੇਨੰਤੀਆ**

# ਰਾਗ ਮਸਤ-ਕੀਰਤਨ ਮਸਤ

*ਭਾਈ ਵੀਰ ਸਿੰਘ ਜੀ ਦੇ **ਗੁਰੂ ਨਾਨਕ ਚਮਤਕਾਰ** ਵਿਚ ਲਿਖੇ ਇਕ ਪ੍ਰਸੰਗ ਵਿਚ ਭਾਈ ਝੰਡਾ ਅਤੇ ਭਾਈ ਮਰਦਾਨਾ ਜੀ ਦੇ ਵਾਰਤਾਲਾਪ ਵਿਚ ਦਿੱਤੇ ਕੀਰਤਨ ਸਬੰਧੀ ਵਿਚਾਰਾਂ ਨੂੰ 'ਅੰਮ੍ਰਿਤ ਕੀਰਤਨ' ਦੇ ਪਾਠਕਾਂ ਲਈ ਪੇਸ਼ ਕਰ ਰਹੇ ਹਾਂ।*

**ਝੰਡਾ** - ਤੁਸੀਂ- ਅੱਠ ਪਹਿਰ ਨੂਰ ਕੋਲ ਰਹਿਣ ਵਾਲੇ ਨੂਰ ਸ਼ਾਹ ਦੇ ਅੰਧਕਾਰ ਵਿਚ ਕਿਵੇਂ ਜਾ ਫਸੇ?

**ਮਰਦਾਨਾ** - ਮੈਂ ਪਿਛੋਂ ਤਪਹੀਣਾ ਹਾਂ, ਜਾਤ ਮੇਰੀ ਨੀਵੀਂ ਹੈ, ਸੁਹਬਤ ਬੀ ਪਹਿਲੇ ਰੱਬ ਦੇ ਪਿਆਰਿਆਂ ਦੀ ਨਹੀਂ ਸੀ, ਨਾ ਹੀ ਕਿਸੇ ਗੁਣ ਦਾ ਤਾਣ ਮੇਰੇ ਅੰਦਰ ਸੀ। ਆਪਣੀ ਮਿਹਰ ਦੇ ਤਾਣ ਦਾਤਾ ਜੀ ਨੇ ਮੇਰੀ ਉਂਗਲ ਫੜੀ, ਮੈਨੂੰ ਮੇਰੀ-ਤਾ ਨਾ ਗੀ ਗੀ-ਤੇ ਪ੍ਰਸੰਨ ਹੋ ਕੇ ਆਪਣਾ ਸਾਥੀ ਬਣਾ ਲਿਆ। ਝੂਠੀਆਂ ਵਾਰਾਂ ਤੇ ਕੁਸ਼ਾਮਦਾਂ ਦੇ ਗੀਤ ਗਾਉਣ ਵਾਲੇ ਨੂੰ ਨਿਰੰਕਾਰ ਦਾ ਕੀਰਤਨੀਆਂ ਤੇ ਸੱਚ ਦੇ ਸੋਹਿਲੇ ਗਾਉਣ ਵਾਲਾ ਬਣਾ ਲਿਆ। ਮੈਂ ਆਪਣੇ ਆਪ ਵਿਚ ਨਿਤਾਣਾ ਬੋਟ ਹਾਂ, ਦਾਤੇ ਦੇ ਖੰਭਾਂ ਨਾਲ ਉਡਦਾ ਹਾਂ। ਜਦੋਂ ਮੈਂ ਆਪੇ ਵਿਚ ਆ ਜਾਵਾਂ ਮੈਂ ਨਿਤਾਣਾ ਹੋਣ ਕਰਕੇ ਔਖਾ ਹੁੰਦਾ ਹਾਂ, ਪਰ ਉਹ ਅਕਾਰਣ ਪ੍ਰੇਮ ਕਰਨ ਵਾਲਾ ਆਪਣੇ ਤਾਣ ਨਾਲ ਉਭਾਰਦਾ ਹੈ। ਸੱਜਣਾ, ਮੈਨੂੰ ਰਾਗ ਦਾ ਠਰਕ ਬਾਹਲਾ ਹੈ, ਭੁੱਖ ਦੇ ਹੋਟੇ ਮੈਂ ਥੱਕਾ ਮਾਂਦਾ ਨੂਰ ਸ਼ਾਹ ਦੇ ਦੁਆਰੇ ਜਾ ਖੜੋਤਾ ਉਸ ਅਚਰਜ ਰੰਗ ਦੀ ਗਵਾਈ ਤੇ ਸਾਜਾਂ ਦੀ ਨਿਪੁਨ ਵਜੰਤ੍ਰੀ ਨਾਲ ਮੈਨੂੰ ਰਾਗ ਮਸਤ ਕਰ ਲਿਆ। ਗੁਰੂ ਨਾਨਕ ਨੇ ਮੈਨੂੰ ਕੀਰਤਨ ਮਸਤ ਕੀਤਾ ਸੀ, ਇਸ ਵੇਲੇ ਮੈਂ ਅਡੋਲ ਹੀ ਕੀਰਤਨ ਤੋਂ ਭੁੱਲਕੇ ਰਾਗ-ਮਸਤ ਹੋ ਗਿਆ। ਐਉਂ ਮੈਂ ਨਿਤਾਣਾ ਆਪਣੇ ਤਾਣ ਆ ਕੇ ਫਸ ਗਿਆ, ਮੈਂ ਮਾਨੋ ਬੋਟ ਹੋ ਗਿਆ, ਦਾਤੇ ਦੇ ਖੰਭ ਜੋ ਮੈਂ ਵਿਸਾਰ ਦਿੱਤੇ, ਪਰ ਮਿਹਰਾਂ ਤੇ ਪਿਆਰਾਂ ਵਾਲੇ ਨੇ ਇਸ ਬੋਟ ਨੂੰ ਫੇਰ ਪਿੰਜਰਿਓਂ ਕੱਢ ਕੇ ਤੇ ਆਪਣੇ ਖੰਭ ਲਾ ਕੇ ਆਪਣੀ ਚਰਨ ਸ਼ਰਨ ਅਰਸ਼ਾਂ ਵਿਚ ਉਡਾ ਲਿਆ।

**ਝੰਡਾ** - ਮੈਂ ਰਾਗ-ਮਸਤ ਤੇ ਕੀਰਤਨ-ਮਸਤ-ਦਾ ਫਰਕ ਨਹੀਂ ਸਮਝਿਆ।

**ਮਰਦਾਨਾ** (ਮੁਸਕ੍ਰਾ ਕੇ)- ਰਾਗ ਇਕ ਵਿੱਦਿਆ ਹੈ, ਰਾਗ ਇਕ ਗੁਣ ਤੇ ਹੁਨਰ ਹੈ। ਜਿਸ ਵਿਚ ਦਿਲ ਵਲਵਲੇ ਦੇ ਦੇਸ਼ ਜਾਂਦਾ ਹੈ। ਰਾਗ ਇਕ ਬੋਲੀ ਹੈ ਜੋ ਕਵਿਤਾ ਤੋਂ ਭੀ ਸੂਖਮ ਹੈ, ਰਾਗ ਇਕ ਚਿਤ੍ਰਕਾਰੀ ਹੈ ਜੋ ਪੱਥਰ ਦੀ ਸ਼ਿਲਪਕਾਰੀ ਤੇ ਰੰਗ ਦੀ ਮੁਸੱਵਰੀ ਤੋਂ ਬਰੀਕ ਹੈ। ਰਾਗ ਜਦ ਕੋਈ ਗਾਉਂਦਾ ਹੈ ਮਨ ਉਸ ਦੇ ਮਗਰ ਜਾਂਦਾ ਹੈ। ਰਾਗ ਜਿਸ ਵਿਚ ਕੋਈ ਕਵਿਤਾ, ਗੀਤ ਨਹੀਂ ਗਾਂਵਿਆ ਜਾਂਦਾ, ਪਰ ਨਿਰਾ ਰਾਗ ਹੀ ਆਪਣੇ ਆਪ ਵਿਚ ਗਾਵਿਆ ਜਾਂ ਬਜਾਇਆ ਜਾਵੇ ਉਹ ਇਕ ਬੋਲੀ ਹੈ, ਇਕ ਅਗੁਵਾਨੀ ਹੈ, ਇਕ ਮੋਹਿਤਾ ਹੈ, ਜੋ ਆਪਣੀ ਖੈਂਚ ਨਾਲ ਮਨਾਂ ਨੂੰ ਕਿਸੇ ਰਸ ਦੇਸ ਵਿਚ ਲੈ ਜਾਂਦੀ ਹੈ। ਓਹ ਅਕਸਰ ਸਾਡੀ ਸਮਝ ਵਿਚ ਪਏ ਤੋਂ ਬਿਨਾਂ ਸਾਨੂੰ ਆਪਣੇ ਵਿਚ ਖਿੱਚ ਲੈ ਜਾਂਦੇ ਹਨ। ਕੋਈ ਡਾਢਾ ਸੁਰਤ ਦਾ ਜੋੜਨਹਾਰ ਸਮਝਦਾ ਹੈ ਕਿ ਕਿਹੜਾ ਰਾਗ, ਕੀਹ ਵਲਵਲਾ ਕੀਹ ਭਾਵ ਉਪਜਾ ਰਿਹਾ ਹੈ। ਅਕਸਰ ਗਵੱਯੇ ਤੇ ਗੁਣੀਜਨ ਰਾਗਾਂ ਦੇ ਨਾਵਾਂ, ਪਰਸਪਰ ਫਰਕਾਂ, ਸੁਰਾਂ ਸੁਰਤੀਆਂ, ਮੂਰਛਨਾਂ, ਤਾਲਾਂ ਆਦਿ ਦੇ ਗਿਆਤਾ ਤੇ ਉਸਤਾਦ ਹੁੰਦੇ ਹਨ, ਪਰ ਕਿਹੜਾ ਰਾਗ ਕੀ ਤਾਸੀਰ ਪੈਦਾ ਕਰ ਰਿਹਾ ਹੈ? ਕਿਹੜੇ ਵਲਵਲੇ ਨੂੰ ਛੇੜ ਰਿਹਾ ਹੈ? ਇਨ੍ਹਾਂ ਗੱਲਾਂ ਦਾ ਮਾਹਿਰ, ਤਾਸੀਰ ਨੂੰ ਸਮਝਣਹਾਰ ਵਿਰਲਾ ਕਿਤੇ ਕੋਈ ਰਸਿਕ ਹੁੰਦਾ ਹੈ। ਮੇਰਾ ਦਾਤਾ ਇਸ ਭੇਤ ਦਾ ਜਾਣੂ ਹੈ, ਉਸ ਨੇ ਰਾਗ ਦੀ ਇਸ ਤਾਸੀਰ ਵਾਲੇ ਗੁਣ ਨੂੰ ਲਿਆ ਹੈ ਤੇ ਆਤਮ ਰੰਗ ਉਪਜਾਉਣ ਲਈ ਰਾਗ ਵਰਤਿਆ ਹੈ। ਫਿਰ ਸਾਡੇ ਸਖੱਲ ਲਈ ਇਹ ਕੀਤਾ ਹੈ ਕਿ ਪਰਮੇਸ਼ਰ ਦੇ ਜਸ ਦੇ ਸ਼ਬਦ ਰਚੇ ਹਨ, ਮਨ ਨੂੰ ਮਾਯਾ ਤੋਂ ਉਪਰਾਮ ਕਰਨ ਤੇ ਵਿਕਾਰਾਂ ਤੋਂ ਉਦਾਸ ਕਰਨ ਦੇ , ਆਪੇ ਵਿਚ ਜਾਗ ਦੇਣ ਦੇ, ਵਾਹਿਗੁਰੂ ਦੇ ਪਿਆਰ ਵਿਚ ਝੁਮਾ ਦੇਣ ਦੇ। ਐਸੇ ਵਲਵਲੇ ਤੇ ਭਾਵ ਉਪਜਾਣ ਵਾਲੇ ਸ਼ਬਦ ਕਹੇ ਹਨ ਮੈਂ ਉਨ੍ਹਾਂ ਦਾ ਨਿਮਾਣਾ ਨਕਲੀਆ ਹੋਣ ਦਾ ਮਾਣ ਰਖਦਾ ਹਾਂ। ਸੋ ਉਹ ਰਾਗ ਜਿਸ ਵਿਚ ਦਾਤੇ ਨੇ ਵਾਹਿਗੁਰੂ ਦਾ ਜਸ ਤੇ ਉਚੇ ਵਲਵਲਿਆਂ ਦੇ ਭਾਵ

ਗਾਇਨ ਕੀਤੇ ਹਨ, ਉਹ ਕੀਰਤਨ ਹੈ, ਤੇ ਨਿਰਾ ਰਾਗ ਰਾਗ ਹੈ, ਤੇ ਵਿਕਾਰਾਂ ਦੇ ਭਾਵਾਂ ਨੂੰ ਉਦੀਪਨ ਕਰਨ ਵਾਲੇ ਬੋਲਾਂ ਵਾਲਾ ਰਾਗ , ਰਾਗ ਜੈਸੀ ਉੱਚੀ ਸ਼ੈ ਦਾ ਨੀਵਾਂ ਵਰ੍ਹਤਾਉ ਹੈ।

ਮੈਂ ਜੋ ਕੀਰਤਨ-ਮਸਤ ਕਿਹਾ ਸੀ ਉਸ ਦਾ ਮਤਲਬ ਇਹ ਸੀ ਕਿ ਨਿਰੰਕਾਰ ਦੀ ਸਿਫਤ ਸਾਲਾਹ ਵਾਲੇ ਸ਼ਬਦਾਂ ਤੇ ਭਾਵਾਂ ਨਾਲ ਭਰਿਆ ਰਾਗ ਸੁਰਤ ਨੂੰ ਜਗਤ ਤੋਂ ਉਚਾ ਕਰਕੇ ਆਪੇ ਵਿਚ ਟਿਕਾ ਦਿੰਦਾ ਹੈ। ਪਰ ਨਿਰਾ ਰਾਗ ਉਸ ਵਲਵਲੇ ਵਿਚ ਮਦਹੋਸ਼ ਕਰ ਦਿੰਦਾ ਹੈ ਕਿ ਜਿਸ ਵਲਵਲੇ ਦੀ ਤਾਸੀਰ ਉਸ ਰਾਗ ਵਿਚ ਹੁੰਦੀ ਹੈ। ਜੇ ਉਹ ਭੀ ਵੈਰਾਗ ਆਦਿ ਉਪਜਾਉਂਦਾ ਤਾਂ ਚੰਗਾ ਹੈ, ਪਰ ਵਜੰਤ੍ਰੀ ਤੇ ਗਵਯੇ ਲੋਕ ਅਕਸਰ ਉਸ ਦਾ ਵੇਗ ਸਰੀਰਕ ਭਾਵਾਂ ਵਲ ਪਾਉਂਦੇ ਹਨ। ਸੋ ਜਦ ਨਿਰੰਕਾਰ ਦੇ ਕੀਰਤਨ ਤੋਂ ਵਿਰਵੇ ਹੋ ਕੇ, ਰਾਗ ਦੀਆਂ ਉੱਤਮ ਤਾਸੀਰਾਂ, ਪ੍ਰੇਮ ਉਤਸ਼ਾਹ, ਵੈਰਾਗ ਆਦਿ ਤੋਂ ਬੇਪ੍ਰਵਾਹ ਹੋ ਕੇ ਐਵੇਂ ਰਾਗ ਸੁਣੋ ਤੇ ਸੁਰਤ ਨੂੰ ਮਗਰੇ ਛੱਡ ਦਿਓ ਤਾਂ ਸੁਰਤ ਬੇਮਲੂਮ ਕਿਸੇ ਵਲਵਲੇ ਵਿਚ ਮਗਨ ਹੋ ਜਾਏਗੀ ਕਿ ਜਿਸ ਵਿਚ ਵਜੰਤ੍ਰੀ (ਜਾਣੇ ਚਾਹੋ ਅਣਜਾਣੇ) ਸਾਨੂੰ ਲਿਜਾ ਰਿਹਾ ਹੈ। ਹੁਣ ਸਮਝ ਗਏ ਨਾ ?

**ਝੰਡਾ** - ਠੀਕ ਸਮਝ ਗਿਆ ਹਾਂ, ਸੋ ਤੁਸੀਂ ਉਸ ਰਾਗ ਦੀ ਕਿਸੇ ਅਣਜਾਣੀ ਤਾਸੀਰ ਵਿਚ ਮਗਨ ਹੋ ਕੇ, ਜਿਸ ਨੂੰ ਤੁਸਾਂ ਆਪ ਕੀਰਤਨ ਕਿਹਾ ਹੈ, ਉਸ ਤੋਂ ਉੱਕ ਗਏ ?

**ਮਰਦਾਨਾ** - ਮੈਂ ਰਾਗ ਦੀ ਆਪਣੀ ਤਾਸੀਰ ਨੂੰ ਪਰਖਣ ਵਾਲ ਨਾ ਪਿਆ ਕਿ ਇਹ ਕਿ ਵਲਵਲੇ ਦੀ ਤਾਸੀਰ ਵਾਲਾ ਹੈ, ਰਾਗ ਦੀ ਉੱਤਮਤਾ ਤੇ ਤੀਖਣਤਾ ਤੇ ਰਾਗ ਕਰਨ ਵਾਲੇ ਦੀ ਕਾਰੀਗਰੀ ਦੀ ਮਹਿਮਾ ਦੇ ਭਾਵ ਵਿਚ ਆ ਕੇ ਰਾਗ-ਮਸਤ ਹੋ ਗਿਆ।



# ਸਚਹੁ ਓਰੈ ਸਭੁ ਕੋ ਉਪਿਰ ਸਚੁ ਆਚਾਰ

ਸੋਹਣ ਸਿੰਘ

ਪ੍ਰਮ ਸ਼ਕਤੀ 'ਸਚ' ਤੋਂ ਸਭ ਸ਼ਕਤੀਆਂ ਨੀਵੀਆਂ ਹਨ ਪ੍ਰੰਤੂ ਉਸ ਤੋਂ ਵੀ ਉਪਰ ਸਚੁ ਆਚਾਰ ਹੈ ਜਿਸ ਰਾਹੀਂ ਉਸ ਪ੍ਰਮ ਸ਼ਕਤੀ ਨਾਲ ਇਕ ਮਿਕ ਹੋ ਸਕੀਦਾ ਹੈ ਜਾਂ ਉਸ ਵਿਚ ਸਮਾਇਆ ਜਾ ਸਕਦਾ ਹੈ।

ਸਿੱਖ ਜਗਤ ਵਿਚ ਇਹ ਸਮਝਿਆ ਜਾਂਦਾ ਹੈ ਕਿ ੧ਓ ਦਾ ਖੁਲਾਸਾ ਮੂਲ ਮੰਤਰ ਹੈ ਤੇ ਮੂਲ ਮੰਤਰ ਦਾ ਖੁਲਾਸਾ ਜਪੁਜੀ ਸਾਹਿਬ ਅਤੇ ਜਪੁਜੀ ਦਾ ਖੁਲਾਸਾ ਗੁਰੂ ਗ੍ਰੰਥ ਸਾਹਿਬ ਦੀ ਸਾਰੀ ਬਾਣੀ 1430 ਅੰਗ ਤੱਕ।

੧ਓ ਪ੍ਰਮਾਤਮਾ ਜੋ ਇਕ ਹੈ ਨਿਰਗੁਣ ਸਰੂਪ ਹੈ ਤੇ ਆਪ ਹੀ ਸਰਗੁਣ ਸਰੂਪ, ਜੋ ਕੁਦਰਤ ਕਰਕੇ ਸਭਾਇਮਾਨ ਹੈ। ਗੁਰੂ ਗ੍ਰੰਥ ਸਾਹਿਬ ਵਿਚ ਇਸ ਪ੍ਰਮਸ਼ਕਤੀ ਨਾਲ ਪਿਆਰ ਤੇ ਗੁਰ ਸੰਗਤ ਰਾਹੀਂ ਨਾਮ ਸਿਮਰਨ ਕੀਤਿਆਂ, ਤੇ ਦੂਜੀ ਵਿਧੀ ਸਚੁ ਆਚਾਰ (ਸਚ ਵਿਉਹਾਰ, ਕਹਿਣੀ, ਬਹਿਣੀ, ਰਹਿਣੀ) ਅਪਨਾਉਣ ਨਾਲ। ਨਾਮ ਸਿਮਰਨ ਤੇ ਸਚੁ ਆਚਾਰ ਦੋਵੇਂ ਤਾਣੇਪੇਟੇ ਵਾਗੂੰ ਆਪਸ ਵਿਚ ਜੁੜੇ ਹੋਏ ਜਾਪਦੇ ਹਨ। ਇਨ੍ਹਾਂ ਨੂੰ ਵੱਖ ਵੱਖ ਕਰਨਾ ਅਸੰਭਵ ਹੈ। ਜੋ ਸਚੁ ਆਚਾਰ ਦਾ ਧਾਰਨੀ ਹੋਵੇਗਾ। ਉਸ ਦਾ ਹੀ ਮਨ ਨਾਮ ਸਿਮਰਨ 'ਚ ਲਗ ਸਕੇਗਾ ਅਤੇ ਜੋ ਭਾਵਨਾ ਤੇ ਸ਼ਰਧਾ ਨਾਲ ਨਾਮ ਸਿਰਮਨ ਕਰਦਾ ਹੋਵੇਗਾ ਉਹੀ ਸਚੁ ਆਚਾਰ ਦਾ ਧਾਰਨੀ ਬਣ ਸਕੇਗਾ।

ਗੁਰੂ ਨਾਨਕ ਸਾਹਿਬ ਨੇ ਆਪਣੀ ਅਤਿ ਉਤਮ ਬਾਣੀ ਜਪੁਜੀ ਸਾਹਿਬ ਦਾ ਨਿਚੋੜ ਇਸ ਦੀ 38ਵੀਂ ਪਉੜੀ ਵਿਚ ਕੱਢਿਆ ਹੈ, ਜਿਸ ਨੂੰ ਮਨੁੱਖੀ ਜੀਵਨ ਵਿਚ ਅਪਨਾਉਣ ਦੀ ਬਹੁਤ ਲੋੜ ਹੈ ਤਾਂ ਹੀ ਤਾਂ ਪ੍ਰਮ ਸ਼ਕਤੀ ਨਾਲ ਇਕਮਿਕ ਹੋ ਸਕਦਾ ਹੈ।

*"ਜਤੁ ਪਾਹਾਰਾ ਧੀਰਜੁ ਸੁਨਿਆਰ॥*
*ਅਹਰਣਿ ਮਤਿ ਵੇਦੁ ਹਥੀਆਰੁ॥*
*ਭਉ ਖਲਾ ਅਗਨਿ ਤਪਤਾਉ॥*
*ਭਾਂਡਾ ਭਾਉ ਅੰਮ੍ਰਿਤ ਤਿਤ ਢਾਲਿ॥*
*ਘੜੀਐ ਸਬਦ ਸਚੀ ਟਕਸਾਲ॥*
*ਜਿਨ ਕਉ ਕਰਮੁ ਤਿਨ ਕਾਰ॥*
*ਨਾਨਕ ਨਦਰੀ ਨਦਰਿ ਨਿਹਾਲ॥*

ਮਨੁੱਖ ਦੀ ਸਭ ਤੋਂ ਵੱਡੀ ਕਮਜ਼ੋਰੀ ਕਾਮ ਦਰਸਾਈ ਹੈ ਇਸ ਲਈ ਇਸ ਨੂੰ ਮੁਖੀ ਚੋਰ ਆਖਿਆ ਗਿਆ ਹੈ। ਇਹ ਮਨੁੱਖ ਨੂੰ ਕਿਸੇ ਵੇਲੇ, ਕਿਸੇ ਵੀ ਉਮਰ 'ਚ, ਕਿਸੇ ਵੀ ਹਾਲ ਵਿਚ ਢਾਹ ਲੈਂਦਾ ਹੈ। ਬੜੇ ਬੜੇ ਦੇਵਤੇ, ਰਿਸ਼ੀਮੁਨੀ, ਅਭਿਆਸੀ, ਸੰਨਿਆਸੀ ਇਸ ਦੇ ਵਾਰ ਤੋਂ ਬਚ ਨਹੀਂ ਸਕੇ। ਇਸੇ ਵਾਸਤੇ ਗੁਰੂ ਗ੍ਰੰਥ ਸਾਹਿਬ ਨੇ ਗ੍ਰਹਿਸਤੀ ਜੀਵਨ ਅਪਨਾਉਣ ਲਈ ਤਰਜੀਹ ਦਿੱਤੀ ਹੈ।

*ਏਕਾ ਨਾਰੀ ਜਤੀ ਹੋਇ ਪਰ ਨਾਰੀ ਧੀ ਭੈਣ ਵਿਖਾਣੇ॥*

*ਨਿਜ ਨਾਰੀ ਕੇ ਸਾਥ ਨੇਹੁ ਤੁਮ ਨਿਤ ਬਢੈਯਹੁ।*
*ਪਰ ਨਾਰੀ ਕੀ ਸੇਜ ਭੂਲਿ ਸੁਪਨੇਹੂ ਨ ਜੈਯਹੁ॥*

ਮਨੁੱਖ ਨੂੰ ਮਾਤਲੋਕ ਵਿਚ ਵਿਚਰਦਿਆਂ ਹੋਇਆਂ ਲੋਭ, ਮੋਹ ਤੇ ਕ੍ਰੋਧ ਦਾ ਚੰਮ ਚੜਿਆ ਰਹਿੰਦਾ ਹੈ। ਭਾਵੇਂ ਇਹ ਪ੍ਰਵਾਰਕ ਜ਼ਿੰਦਗੀ ਲਈ ਅਤੀ ਜ਼ਰੂਰੀ ਹਨ ਪ੍ਰੰਤੂ ਇਨ੍ਹਾਂ ਲਈ ਹੀ ਜਿਊਣਾ ਕੋਈ ਲਾਹੇਵੰਦ ਨਹੀਂ। ਮਨ ਦੀ ਸ਼ਾਂਤੀ ਤੇ ਅਧਿਆਤਮਕ ਜੀਵਨ ਲਈ ਇਹ ਇਕ ਸੀਮਾ ਤੋਂ ਜ਼ਿਆਦਾ ਘਾਟੇਵੰਦ ਹੀ ਹਨ ਅਤੇ ਮਨੁੱਖ ਕਦੀ ਵੀ ਧੀਰਜ/ਸੰਤੋਖ ਗ੍ਰਹਿਣ ਨਹੀਂ ਕਰ ਸਕਦਾ। ਇਹਨਾਂ ਦੁਸ਼ਟਾਂ ਤੇ ਕਾਬੂ ਪਾਉਣ ਲਈ ਸੁਚੱਜੀ ਅਕਲ (ਮਤਿ) ਤੇ ਡੂੰਘੇ ਗਿਆਨ ਦੀ ਅਵਸ਼ਕਤਾ ਦੱਸੀ ਗਈ ਹੈ। ਪ੍ਰਮਸ਼ਕਤੀ ਦੀ ਮੌਜੂਦਗੀ ਦਾ ਅਹਿਸਾਸ/ਡਰ ਪੰਜਾਂ ਚੋਰਾਂ ਦੀ ਲਗਾਮ ਕਸਣ ਦੀ ਸਮਰਥਾ ਰੱਖਦਾ ਹੈ। ਗੁਰੂ ਦੀ ਸਿੱਖਿਆ ਸੁਣਨ ਤੇ ਉਸ ਤੇ ਪਹਿਰਾ ਦੇਣ ਅਤੇ ਜੀਵਨ ਵਿਚ ਢਾਲਣ ਲਈ ਘੋਰ ਤਪੱਸਿਆ ਦੀ ਵੀ ਅਤਿ ਲੋੜ ਦਰਸਾਈ ਹੈ। ਇਹ ਸਾਰੇ ਸੱਚੁ ਆਚਾਰ ਦੇ ਕਰਤੱਵ ਮਨੁੱਖ ਨੂੰ ਪ੍ਰਮਸ਼ਕਤੀ ਦੀ ਪ੍ਰੇਮ ਕੁਠਾਲੀ ਵਿਚੋਂ ਅੰਮ੍ਰਿਤ ਸ਼ਬਦ ਨੂੰ ਗ੍ਰਹਿਣ ਕਰਵਾ ਦਿੰਦੇ ਹਨ ਤਾਂ ਬੇੜਾ ਪਾਰ ਹੁੰਦਾ ਹੈ।

ਆਸਾ ਦੀ ਵਾਰ ਵਿਚ ਹਉਮੈ ਨੂੰ ਗੁਰੂ ਨਾਨਕ ਸਾਹਿਬ ਨੇ ਇਕ ਦੀਰਘ ਰੋਗ ਦੱਸਿਆ ਹੈ ਅਤੇ ਇਸ ਦਾ ਇਲਾਜ ਪ੍ਰਭੂ ਕਿਰਪਾ ਅਤੇ ਸ਼ਬਦ ਦੀ ਕਮਾਈ ਦਰਸਾਈ ਹੈ ਇਸ ਨਾਲ ਸਬੰਧਤ ਪਉੜੀ:

*ਸੇਵ ਕੀਤੀ ਸੰਤੋਖੀਈ ਜਿਨੀ*
*ਸਚੋ ਸਚੁ ਧਿਆਇਆ॥*
*ਓਨੀ ਮੰਦੇ ਪੈਰੁ ਨ ਰਖਿਓ,*
*ਕਰਿ ਸੁਕ੍ਰਿਤੁ ਧਰਮੁ ਕਮਾਇਆ॥*
*ਓਨੀ ਦੁਨੀਆ ਤੋੜੇ ਬੰਧਨਾ ਅੰਨੁ ਪਾਣੀ ਥੋੜਾ ਖਾਇਆ।*

*ਤੂੰ ਬਖਸੀਸੀ ਅਗਲਾ ਨਿਤ ਦੇਵਹਿ ਚੜਹਿ ਸਵਾਇਆ॥*

ਵਿਚ ਸ਼ਬਦ ਦੀ ਕਮਾਈ ਦੀ ਵਿਧੀ ਸੰਤੋਖ ਨਾਲ ਜਗਤ ਸੇਵਾ ਸੁਕ੍ਰਿਤ (ਧਰਮ ਦੀ ਕਮਾਈ) ਮੰਦੇ ਕੰਮਾਂ ਤੋਂ ਉਪਰਾਮ, ਦੁਨੀਆ ਤੋਂ ਬੈਰਾਗ ਅਤੇ ਥੋੜੀ ਲੋੜੀਂਦੀ ਖੁਰਾਕ ਜੋ ਸਭ ਸਚ ਆਚਾਰ ਦੇ ਅੰਗ ਹਨ, ਨੂੰ ਅਪਨਾਉਣ ਉਪਰੰਤ ਹੀ ਹੋ ਸਕਦੀ ਦੱਸੀ ਹੈ। ਇਸ ਤਰ੍ਹਾਂ ਗੁਰੂ ਗ੍ਰੰਥ ਸਾਹਿਬ ਨੇ ਪ੍ਰਮਾਤਮਾ ਤੱਕ ਪਹੁੰਚਣ ਦਾ ਰਸਤਾ 'ਸਚੁ ਆਚਾਰ' ਨੂੰ ਹੀ ਪਹਿਲ ਦਿੱਤੀ ਹੈ ਤੇ ਉਚੇ ਤੋਂ ਉਚਾ ਦਰਸਾਇਆ ਹੈ। ਇਸ ਦੀ ਦ੍ਰਿੜਤਾ ਵੀ ਸੂਹੀ ਰਾਗ ਦੇ ਅਰੰਭ ਵਿਚ ਇੰਝ ਕੀਤੀ ਹੈ ਕਿ ਪਹਿਲਾਂ ਆਚਰਨ ਦੀ ਸੁਚਤਾ ਅਪਨਾਉਣ ਤੇ ਫਿਰ ਅੰਮ੍ਰਿਤ ਲੈਣ ਦਾ ਅਭਲਾਖੀ ਬਣਨਾ ਹੀ ਕੇਵਲ ਸਿੱਧਾ ਰਾਹ ਹੈ, ਪ੍ਰਮਸ਼ਕਤੀ ਵਿਚ ਸਮਾ ਜਾਣ ਦਾ।

*ਭਾਂਡਾ ਧੋਇ ਬੈਸਿ ਧੂਪੁ ਦੇਵਹੁ ਤਉ ਦੂਧੈ ਕਉ ਜਾਵਹੁ॥*

ਅੰਗ 728

ਗੁਰੂ ਤੇਗ ਬਹਾਦਰ ਸਾਹਿਬ ਨੇ ਸਲੋਕਾਂ ਵਿਚ ਤੇ ਸੋਰਠ ਰਾਗ ਦੇ ਇਕ ਸੰਪੂਰਨ ਸ਼ਬਦ ਵਿਚ ਤਾਂ ਕੇਵਲ ਸਚ ਆਚ੍ਰਾਰ ਨੂੰ ਹੀ ਪ੍ਰਮਾਤਮਾ ਨਾਲ ਲੀਨਤਾ ਦਾ ਸਾਧਨ ਦਰਸਾਇਆ ਹੈ। ਉਨ੍ਹਾਂ ਇਸ ਸ਼ਬਦ ਵਿਚ ਪ੍ਰਭੂ ਭਗਤੀ/ ਸਿਮਰਨ ਦਾ ਜ਼ਿਕਰ ਵੀ ਨਹੀਂ ਕੀਤਾ। ਇਸ ਤਰ੍ਹਾਂ ਇਹ ਇਕ ਬੜਾ ਨਵੀਨਤਾ ਭਰਪੂਰ ਉਪਦੇਸ਼ ਹੈ।

ਸਲੋਕ,

*ਸੁਖੁ ਦੁਖੁ ਜਿਹ ਪਰਸੈ ਨਹੀ ਲੋਭ ਮੋਹ ਅਭਿਮਾਨ।*
*ਕਹੁ ਨਾਨਕ ਸੁਨ ਰੇ ਮਨਾ ਸੋ ਮੂਰਤ ਭਗਵਾਨ।*

*ਉਸਤਤਿ ਨਿੰਦਿਆ ਨਾਹਿ ਜਿਹਿ ਕੰਚਨ ਲੋਹ ਸਮਾਨਿ।*
*ਕਹੁ ਨਾਨਕ ਸੁਨ ਰੇ ਮਨਾ ਮੁਕਤਿ ਤਾਹਿ ਤੈ ਜਾਨਿ॥*

*ਹਰਖ ਸੋਗ ਜਾ ਕੈ ਨਹੀ ਬੈਰੀ ਮੀਤ ਸਮਾਨ॥*
*ਕਹੁ ਨਾਨਕ ਸੁਨਿ ਰੇ ਮਨਾ ਮੁਕਤਿ ਤਾਹਿ ਤੈ ਜਾਨ।*

*ਜਿਹਿ ਮਾਇਆ ਮਮਤਾ ਤਜੀ ਸਭ ਤੇ ਭਇਓ ਉਦਾਸ।*
*ਕਹੁ ਨਾਨਕ ਸੁਨ ਰੇ ਮਨਾ ਤਿਹਿ ਘਟਿ ਬ੍ਰਹਮ ਨਿਵਾਸ॥*

*ਜੋ ਪ੍ਰਾਨੀ ਮਮਤਾ ਤਜੈ ਲੋਭ ਮੋਹ ਅਹੰਕਾਰ॥*
*ਕਹੁ ਨਾਨਕ ਆਪਨ ਤਰੈ ਅਉਰਨ ਲੇਤ ਉਧਾਰ॥*

ਸੋਰਠ ਮਹਲਾ ੯

*ਜੋ ਨਰੁ ਦੁਖ ਮੈ ਦੁਖੁ ਨਹੀ ਮਾਨੈ।*
*ਸੁਖ ਸਨੇਹੁ ਅਰੁ ਭੈ ਨਹੀਂ ਜਾ ਕੈ ਕੰਚਨ ਮਾਟੀ ਮਾਨੈ॥ ਰਹਾਉ।*
*ਨਹ ਨਿੰਦਿਆ ਨਹ ਉਸਤਤਿ*
*ਜਾ ਕੈ ਲੋਭ ਮੋਹੁ ਅਭਿਮਾਨਾ।*
*ਹਰਖ ਸੋਗ ਤੇ ਰਹੇ ਨਿਆਰਉ*
*ਨਾਹਿ ਮਾਨ ਅਪਮਾਨਾ।*
*ਆਸਾ ਮਨਸਾ ਸਗਲ ਤਿਆਗੈ*
*ਜਗ ਤੇ ਰਹੇ ਨਿਰਾਸਾ।*
*ਕਾਮੁ ਕ੍ਰੋਧ ਜਿਹ ਪਰਸੈ ਨਾਹਿਨ*
*ਤਿਹ ਘਟਿ ਬ੍ਰਹਮੁ ਨਿਵਾਸਾ।*
*ਗੁਰ ਕਿਰਪਾ ਜਿਹ ਨਰ ਕਉ ਕੀਨੀ*
*ਤਿਹ ਇਹ ਜੁਗਤਿ ਪਛਾਨੀ।*
*ਨਾਨਕ ਲੀਨ ਭਇਓ ਗੋਬਿੰਦ ਸਿਉ*
*ਜਿਉ ਪਾਨੀ ਸੰਗਿ ਪਾਨੀ।''*

ਗੁਰੂ ਤੇਗ ਬਹਾਦਰ ਸਾਹਿਬ ਦੀ ਰਾਏ ਹੈ ਕਿ ਜਿਹੜੇ ਮਨੁੱਖ ਦਾ ਮਨ ਸੁਖ ਤੇ ਦੁਖ ਵਿਚ ਇਕ ਸਮਾਨ ਅਡੋਲ ਰਹਿੰਦਾ ਹੈ (ਜਿੰਦਾਂ ਕਿ ਸਿੱਖ ਪੰਥ ਵਿਚ ਸਤਿਕਾਰ ਯੋਗ ਸ਼ਹੀਦ ਸਿੰਘਾਂ ਦਾ ਮਨ ਸ਼ਹੀਦੀ ਦੇਣ ਸਮੇਂ ਤਸੀਹੇ ਸਹਿੰਦਿਆਂ, ਅਡੋਲ ਰਿਹਾ ਸੀ, ਇਹੋ ਜਿਹੇ ਮਨੁੱਖ ਆਪਣਾ ਮਨ ਸਰੀਰ ਤੋਂ ਜੁਦਾ ਕਰਨ ਦੇ ਸਮਰਥ ਹੁੰਦੇ ਹਨ, ਜੇ ਮਨ ਨੂੰ ਦੁਖ ਨਹੀਂ ਤਾਂ ਸਰੀਰ ਨੂੰ ਦੁਖ ਕਾਹਦਾ?) ਤੇ ਕਾਮ, ਕ੍ਰੋਧ, ਲੋਭ, ਮੋਹ ਅਤੇ ਅਭਿਮਾਨ ਉਨ੍ਹਾਂ ਦੀ ਅਵਸਥਾ ਤੇ ਪੁਰਅਸਰ ਨਹੀਂ ਹੁੰਦੇ ਤਾਂ ਉਹ ਮਨੁੱਖ ਭਗਵਾਨ ਦਾ ਰੂਪ ਹੋ ਨਿਬੜਦੇ ਹਨ ਤੇ ਉਨ੍ਹਾਂ ਦਾ ਸਹਿਜੇ ਹੀ ਪ੍ਰਮਸ਼ਕਤੀ ਵਿਚ ਲੀਨ ਹੋਣਾ ਸੁਭਾਵਿਕ ਹੈ। (ਜਿਸ ਤਰ੍ਹਾਂ ਭਗਤ ਰਵਿਦਾਸ ਜੀ ਨੇ ਕੰਚਨ ਤੇ ਮਿੱਟੀ ਨੂੰ ਇਕ ਸਮਾਨ ਮੰਨਿਆ ਤੇ ਪ੍ਰਭੂ ਨਾਲ ਇਕਮਿਕ ਹੋ ਨਿਬੜੇ।) ਜਿਸ ਮਨੁੱਖ ਦੀ ਆਸਾ ਮਨਸਾ ਹੀ ਮੁੱਕ ਜਾਵੇ, ਮਾਤ ਲੋਕ ਤੋਂ ਉਦਾਸ ਹੋ ਜਾਵੇ, ਉਸਨੂੰ ਉਸਤਤੀ ਤੇ ਨਿੰਦਿਆ 'ਚੋਂ ਕੀ ਲੈਣਾ ਹੁੰਦਾ ਹੈ ਤੇ ਉਸ ਵਿਚ ਹਉਮੈ ਕਾਹਦੀ? ਉਸ ਵਿਚ ਤਾਂ ਬ੍ਰਹਮ ਦਾ ਨਿਵਾਸ ਹੀ ਲੱਭਣ ਨੂੰ ਮਿਲੇਗਾ।

ਗੁਰੂ ਗ੍ਰੰਥ ਸਾਹਿਬ ਦਾ ਇਹ ਨਿਚੋੜ ਹੈ ਕਿ ਇਹ ਵਿਧੀਆਂ ਕੇਵਲ ਗੁਰੂ ਦੀ ਕਿਰਪਾ ਨਾਲ ਹੀ ਮਿਲ ਸਕਦੀਆਂ ਹਨ ਤੇ ਜੇ ਮਿਲ ਜਾਣ ਤਾਂ ਉਹ ਮਨੁੱਖ ਬ੍ਰਹਮ ਰੂਪ ਹੈ ਤੇ ਫਿਰ ਉਸ ਵਿਚ ਤੇ ਬ੍ਰਹਮ 'ਚ ਕੋਈ ਫਰਕ ਨਹੀਂ ਲੱਭ ਸਕੇਗਾ। ਮੂਲ ਮੰਤਰ

*ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ*
*ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ॥*

ਵਿਚ ਗੁਰੂ ਸਾਹਿਬ ਨੇ ਪ੍ਰਮਸ਼ਕਤੀ ਦੇ ਗੁਣਾਂ ਦੀ ਤਫਸੀਲ ਦਰਸਾਈ ਹੋਈ ਹੈ ਜਿਸ ਵਿਚ ਨਿਰਭੈਤਾ ਤੇ

ਨਿਰਵੈਰਤਾ ਦਾ ਵੀ ਵਰਨਣ ਹੈ। ਇਹ ਦੋ ਗੁਣਾਂ ਦੀ ਮਨੁੱਖ ਵਿਚ ਅਪਨਾਉਣ ਦੀ ਸੰਭਾਵਨਾ ਹੋ ਸਕਦੀ ਹੈ ਬਾਕੀ ਤਾਂ ਉਸ ਪ੍ਰਮਸ਼ਕਤੀ ਦੇ ਨਿਜੀ ਗੁਣ ਹਨ। ਜੇ ਇਹ ਦੋ ਗੁਣ ਗੁਰੂ ਕਿਰਪਾ ਦੁਆਰਾ ਮਨੁੱਖ ਵਿਚ ਵਿਚਰ ਜਾਣ ਤਾਂ ਉਹ ਬ੍ਰਹਮ ਦਾ ਗਿਆਨੀ ਬਣ ਸਕਦਾ ਹੈ। ਇਹ ਗੁਣ ਵੀ ਤਾਂ 'ਸਚ ਆਚਾਰ' ਦਾ ਹੀ ਹਿੱਸਾ ਹਨ।

*ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ॥*
*ਕਹੁ ਨਾਨਕ ਸੁਨਿ ਰੇ ਮਨਾ ਗਿਆਨੀ ਤਾਹਿ ਬਖਾਨਿ॥*

ਇਸ ਤੋਂ ਪ੍ਰਤੀਤ ਹੁੰਦਾ ਹੈ ਕਿ ਸਚ ਆਚਾਰ ਦੀ ਧਾਰਨਾ ਅਤਿਅੰਤ ਉਚੀ ਹੈ ਅਤੇ ਸਾਰੇ ਗੁਰੂਆਂ ਦੀ ਵਿਚਾਰ ਧਾਰਾ ਵੀ ਇਕ ਸਾਰ ਹੈ। ਇਸ ਵਿਚ ਕੋਈ ਦੋ ਰਾਏ ਨਹੀਂ ਹੋ ਸਕਦੀਆਂ ਕਿ ਜੇ ਮਨੁੱਖ ਸਚ ਆਚਾਰ ਦਾ ਧਾਰਨੀ ਨਹੀਂ ਹੋਵੇਗਾ ਤਾਂ ਕਦੀ ਵੀ ਅੰਮ੍ਰਿਤ ਸ਼ਬਦ ਦੀ ਪ੍ਰਾਪਤੀ ਨਹੀਂ ਹੋਵੇਗੀ। ਕਿਉਂਕਿ ਉਸਦਾ ਮਨ ਹਮੇਸ਼ਾਂ ਪੰਜਾਂ ਚੋਰਾਂ ਦੀ ਗ੍ਰਿਫਤ ਵਿਚ ਰਹੇਗਾ ਤੇ ਉਹਦੀ ਕਦੀ ਵੀ ਸਥਿਰਤਾ ਨਹੀਂ ਬਣੇਗੀ। ਇਸ ਲਈ ਸਾਡੀ ਅਰਦਾਸ ਤਾਂ ਉਸ ਪ੍ਰਮਸ਼ਕਤੀ ਦੀ ਕਿਰਪਾ ਅਤੇ ਸ਼ੁਭ ਕਰਮਾਂ ਲਈ ਹੀ ਹੋਣੀ ਸ਼ੋਭਦੀ ਹੈ।

*3027/27 ਡੀ, ਚੰਡੀਗੜ੍ਹ 160 019*

# ਸ੍ਰੀ ਗੁਰੂ ਅਰਜਨ ਦੇਵ ਜੀ ਦੀ ਭਾਰਤੀ ਸੰਗੀਤ ਨੂੰ ਦੇਣ

ਪ੍ਰੋ. ਜਸਬੀਰ ਕੌਰ

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਗੁਰਮਤਿ ਸੰਗੀਤ ਨੂੰ ਸਿਧਾਂਤਕ ਤੇ ਵਿਵਹਾਰਕ ਰੂਪ ਵਿਚ ਸੁਦ੍ਰਿੜ ਸਰੂਪ ਪ੍ਰਦਾਨ ਕਰਵਾਇਆ। ਗੁਰੂ ਸਾਹਿਬ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਕਰਕੇ ਗੁਰਮਤਿ ਸੰਗੀਤ ਪਰੰਪਰਾ ਨੂੰ ਸਥਾਈ ਰੂਪ ਵਿਚ ਸਥਾਪਿਤ ਕੀਤਾ। ਸ੍ਰੀ ਗੁਰੂ ਨਾਨਕ ਦੇਵ ਜੀ ਦੀ ਚਲਾਈ ਹੋਈ ਕੀਰਤਨ ਪਰੰਪਰਾ ਨੂੰ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਬੜੇ ਸੁਚੱਜੇ ਢੰਗ ਨਾਲ ਅੱਗੇ ਤੋਰ ਨਿਭਾਇਆ। ਸ੍ਰੀ ਗੁਰੂ ਅਰਜਨ ਦੇਵ ਜੀ ਇਕ ਮਹਾਨ ਸੰਗੀਤਕਾਰ ਸਨ। ਸਿੱਖ ਸੰਗੀਤ ਵਿਚ ਇਨ੍ਹਾਂ ਦਾ ਮਹੱਤਵਪੂਰਨ ਸਥਾਨ ਹੈ। ਕੀਰਤਨ ਦਾ ਸਭ ਤੋਂ ਵਧੇਰੇ ਪ੍ਰਚਾਰ ਸ੍ਰੀ ਗੁਰੂ ਅਰਜਨ ਦੇਵ ਜੀ ਵੇਲੇ ਹੀ ਹੋਇਆ। ਗੁਰੂ ਸਾਹਿਬ ਨੇ ਕੀਰਤਨ ਦੀ ਪਰੰਪਰਾ ਨੂੰ ਆਮ ਸਿੱਖਾਂ ਵਿਚ ਪ੍ਰਚਾਰਿਆ, ਜਿਸ ਨਾਲ ਸਿੱਖਾਂ ਵਿਚ ਗੁਰਮਤਿ ਸੰਗੀਤ ਦਾ ਪ੍ਰਚਾਰ ਹੋਰ ਵਧਿਆ। ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸ੍ਰੀ ਗੁਰੂ ਅਰਜਨ ਦੇਵ ਜੀ ਤੱਕ ਕੀਰਤਨਕਾਰ (ਗਾਇਕ) ਮਿਰਾਸੀ ਜਾਂ ਡੂਮ ਹੀ ਹੋਏ ਹਨ ਕਿਉਂਕਿ ਮਰਾਸੀ ਲੋਕ ਰਾਗ ਵਿੱਦਿਆ ਵਿਚ ਬੜੇ ਨਿਪੁੰਨ ਹੁੰਦੇ ਸਨ ਅਤੇ ਨਾਲ ਹੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਾਥੀ ਮਰਦਾਨੇ ਦੇ ਸਤਿਕਾਰ ਨੂੰ ਮੁੱਖ ਰੱਖ ਕੇ ਰਬਾਬੀਆਂ ਨੂੰ ਕੀਰਤਨ ਦੀ ਸੇਵਾ 'ਤੇ ਲਾਇਆ ਜਾਂਦਾ ਸੀ। ਇਹੋ ਕਾਰਨ ਸੀ ਕਿ ਸਿੱਖਾਂ ਨੂੰ ਰਾਗ ਵਿੱਦਿਆ ਮੁਸਲਮਾਨ ਰਬਾਬੀਆਂ ਪਾਸੋਂ ਸਿੱਖਣੀ ਪੈਂਦੀ ਸੀ। ਆਪ ਜੀ ਦੇ ਸਮੇਂ ਗੁਰੂ ਦਰਬਾਰ ਵਿਚ ਭਾਈ ਸੱਤਾ ਜੀ ਤੇ ਭਾਈ ਬਲਵੰਡ ਜੀ ਕੀਰਤਨ ਕਰਦੇ ਸਨ। ਕਿਸੇ ਕਾਰਨ ਜਦੋਂ ਇਨ੍ਹਾਂ ਨੇ ਗੁਰੂ ਦਰਬਾਰ ਵਿਚ ਕੀਰਤਨ ਕਰਨ ਤੋਂ ਨਾਂਹ ਕਰ ਦਿੱਤੀ ਤਾਂ ਗੁਰੂ ਸਾਹਿਬ ਨੇ ਸਧਾਰਨ ਸਿੱਖ ਸੰਗਤਾਂ ਨੂੰ ਕੀਰਤਨ ਕਰਨ ਦਾ ਉਪਦੇਸ਼ ਦਿੱਤਾ ਅਤੇ ਗੁਰੂ ਸਾਹਿਬ ਨੇ ਆਪ ਸੰਗਤਾਂ ਨੂੰ ਕੀਰਤਨ ਦੀ ਸਿੱਖਿਆ ਦਿੱਤੀ। ਗੁਰੂ ਜੀ ਨੇ ਆਪ ਸਿਰੰਦਾ ਹੱਥ ਵਿਚ ਲੈ ਕੇ ਸੰਗਤਾਂ ਨੂੰ ਕੀਰਤਨ ਕਰਨ ਦਾ ਹੁਕਮ ਦਿੱਤਾ।

ਗੁਰਗੱਦੀ ਕਾਲ ਦੌਰਾਨ ਆਪ ਨੇ ਆਸਾ ਦੀ ਵਾਰ ਦਾ ਕੀਰਤਨ ਕਰਨ ਦੀ ਐਸੀ ਪੱਕੀ ਪਿਰਤ ਪਾਈ ਜੋ ਅੱਜ ਤਕ ਚਲੀ ਆ ਰਹੀ ਹੈ, ਗੁਰੂ ਸਾਹਿਬ ਦੀ ਸੋਚਣੀ ਸੀ:

*ਸੋ ਅਸਥਾਨੁ ਬਤਾਵਹੁ ਮੀਤਾ॥*
*ਜਾ ਕੈ ਹਰਿ ਹਰਿ ਕੀਰਤਨੁ ਨੀਤਾ॥*

ਅਤੇ ਫਿਰ ਆਪ ਨੇ ਉਸ ਅਸਥਾਨ ਬਾਰੇ ਆਪ ਹੀ ਪ੍ਰਬੰਧ ਕਰ ਦਿੱਤਾ। ਆਪ ਨੇ ਆਦਿ ਗ੍ਰੰਥ ਸਾਹਿਬ ਦੇ ਪਾਵਨ ਸਰੂਪ ਦਾ ਹਰਿਮੰਦਰ ਸਾਹਿਬ ਅੰਦਰ ਪ੍ਰਕਾਸ਼ ਕਰਕੇ ਕੀਰਤਨ ਕਰਨ ਦੀ ਪਵਿੱਤਰ ਮਰਿਯਾਦਾ ਕਾਇਮ ਕੀਤੀ, ਜਿਥੇ ਹੁਣ ਲਗਾਤਾਰ ਕੀਰਤਨ ਦਾ ਪ੍ਰਵਾਹ ਚੱਲਦਾ ਹੈ। ਦਰਬਾਰ ਸਾਹਿਬ ਦੇ ਸਭ ਤੋਂ ਪਹਿਲੇ ਕੀਰਤਨੀਏ ਭਾਈ ਸੱਤਾ ਜੀ ਤੇ ਭਾਈ ਬਲਵੰਡ ਜੀ ਸਨ। ਇਸ ਤੋਂ ਸਪਸ਼ਟ ਹੈ ਕਿ ਆਪ ਨੇ ਕੀਰਤਨ ਨੂੰ ਹੀ ਧਰਮ ਪ੍ਰਚਾਰ ਅਤੇ ਈਸ਼ਵਰ ਭਗਤੀ ਦਾ ਸਭ ਤੋਂ ਉੱਤਮ ਸਾਧਨ ਸਮਝਿਆ। ਆਪ ਨੇ ਕੀਰਤਨ ਨੂੰ ਬਹੁਤ ਹੀ ਉੱਚਾ ਸਥਾਨ ਦਿੱਤਾ।

ਆਪ ਨੇ ਪ੍ਰਭੂ ਦੀ ਕੀਰਤ, ਸਿਫ਼ਤ-ਸਲਾਹ ਜਾਂ ਉਸਤਤ ਕਰਨ ਵਾਲੇ ਕੀਰਤਨੀਏ ਲਈ ਫੁਰਮਾਇਆ:

*ਭਲੋ ਭਲੋ ਰੇ ਕੀਰਤਨੀਆ॥*
*ਰਾਮ ਰਮਾ ਰਾਮਾ ਗੁਨ ਗਾਉ॥*

(ਪੰਨਾ ੮੮੫)

ਆਪ ਦਿਨ-ਰਾਤ ਕੀਰਤਨ ਕਰਨ ਲਈ ਕਹਿੰਦੇ ਹਨ ਅਤੇ ਇਹੀ ਸਭ ਤੋਂ ਉੱਤਮ ਕਾਰਜ ਹੈ:

*ਹਰਿ ਕੀਰਤਨੁ ਗਾਵਹੁ ਦਿਨੁ ਰਾਤੀ*
*ਸਫਲ ਏਹਾ ਹੈ ਕਾਰੀ ਜੀਉ॥*

(ਪੰਨਾ ੧੦੮)

ਗੁਰੂ ਸਾਹਿਬ ਨੇ ਕੀਰਤਨ ਕਰਨ ਦਾ ਸਮਾਂ ਨਿਸ਼ਚਿਤ ਨਹੀਂ ਕੀਤਾ ਸਗੋਂ ਆਪ ਅੱਠੇ ਪਹਿਰ ਹਰੀ ਜਸ ਗਾਉਣ ਲਈ ਪ੍ਰੇਰਦੇ ਸਨ:

*ਆਠ ਪਹਰ ਕੀਰਤਨੁ ਗੁਣ ਗਾਉ॥*

(ਪੰਨਾ ੧੧੪੯)

ਗੁਰੂ ਸਾਹਿਬ ਉਸ ਢਾਡੀ ਤੋਂ ਬਲਿਹਾਰ ਜਾਂਦੇ ਹਨ, ਕੁਰਬਾਨ ਜਾਂਦੇ ਹਨ, ਜੋ ਪ੍ਰਭੂ ਦੇ ਗੁਣ ਗਾਉਂਦੇ ਹਨ। ਆਪ ਨੇ ਉੱਤਮ ਢਾਡੀ ਲਈ ਦਸਿਆ ਹੈ ਕਿ ਉਹ ਉੱਤਮ ਜਾਂ ਗੁਣਵੰਤ ਢਾਡੀ ਹੈ, ਜਿਸ ਦੇ ਹਿਰਦੇ ਵਿਚ ਪ੍ਰਭੂ ਲਈ ਪਿਆਰ ਹੈ:

*ਸੋ ਢਾਢੀ ਗੁਣਵੰਤੁ ਜਿਸ ਨੋ ਪ੍ਰਭ ਪਿਆਰੁ॥*

(ਪੰਨਾ ੯੬੨-੬੩)

ਗੁਰੂ ਸਾਹਿਬ ਜਿਥੇ ਰਾਗ ਕਲਾ ਵਿਚ ਨਿਪੁੰਨ ਸਨ, ਉਥੇ ਮਹਾਨ ਕੀਰਤਨਕਾਰ ਵੀ ਸਨ। ਸਿਰੰਦਾ ਸਾਜ ਦੀ ਕਾਢ ਆਪ ਜੀ ਨੇ ਕੱਢੀ। ਸਿੱਖ ਕੀਤਰਨ ਵਿਚ ਸਿਰੰਦਾ ਨੂੰ ਜੋੜੀ ਨਾਲ ਪਹਿਲੀ ਵਾਰ ਸ਼ਾਮਲ ਕੀਤਾ ਗਿਆ। ਇਤਿਹਾਸ ਵਿਚ ਜ਼ਿਕਰ ਆਉਂਦਾ ਹੈ ਕਿ ਜਦੋਂ ਭਾਈ ਗੁਰਦਾਸ ਜੀ ਅਤੇ ਬਾਬਾ ਬੁੱਢਾ ਜੀ, ਬਾਬਾ ਮੋਹਨ ਜੀ ਪਾਸੋਂ ਗੁਰਬਾਣੀ ਦੀਆਂ ਪੋਥੀਆਂ ਲਿਆਉਣ ਵਿਚ ਸਫਲ ਨਾ ਹੋ ਸਕੇ ਤਾਂ ਗੁਰੂ ਸਾਹਿਬ ਆਪ ਨੰਗੇ ਪੈਰੀਂ ਸ੍ਰੀ ਗੋਇੰਦਵਾਲ ਸਾਹਿਬ ਪਹੁੰਚੇ। ਬਾਬਾ ਮੋਹਨ ਜੀ ਚੁਬਾਰੇ ਉਤੇ ਸਮਾਧੀ ਵਿਚ ਲੀਨ ਸਨ। ਗੁਰੂ ਸਾਹਿਬ ਨੇ ਸਿਰੰਦੇ ਨਾਲ ਕੀਰਤਨ ਆਰੰਭ ਕੀਤਾ। ਨਿਰਬਾਨ ਕੀਰਤਨ ਨੇ ਆਪ ਦੇ ਕੋਮਲ ਹਿਰਦੇ 'ਤੇ ਪ੍ਰਭਾਵ ਪਾਇਆ। ਗੁਰਬਾਣੀ ਦੀਆਂ ਪੋਥੀਆਂ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਅਰਪਣ ਕਰ ਦਿੱਤੀਆਂ ਤਾਂ ਗੁਰੂ ਸਾਹਿਬ ਨੇ ਆਦਿ ਗ੍ਰੰਥ ਸਾਹਿਬ ਜੀ ਦੀ ਪਾਵਨ ਬੀੜ ਸੰਪਾਦਿਤ ਕੀਤੀ। ਗੁਰੂ ਸਾਹਿਬ ਨੇ ਰਾਗ ਜੈਜਾਵੰਤੀ ਨੂੰ ਛੱਡ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਵਰਤੇ ਸਾਰੇ ਰਾਗਾਂ ਵਿਚ ਬਾਣੀ ਉਚਾਰੀ।

ਆਪ ਦੇ ਸਮੇਂ ਕੀਰਤਨ ਨਾਲ ਰਬਾਬ ਵਜਾਈ ਜਾਂਦੀ ਸੀ ਕਿਉਂਕਿ ਆਪ ਦੇ ਸਮੇਂ ਭਾਈ ਸੱਤਾ ਜੀ ਅਤੇ ਭਾਈ ਬਲਵੰਡ ਜੀ ਕੀਰਤਨ ਕਰਦੇ ਸਨ। ਇਨ੍ਹਾਂ ਤੋਂ ਬਿਨਾਂ ਭਾਈ ਝਾਝੂ ਜੀ, ਭਾਈ ਮੁਕੰਦੂ ਜੀ, ਭਾਈ ਕੇਦਾਰਾ ਜੀ ਕੀਰਤਨ ਕਰਦੇ ਸਨ। ਕੀਰਤਨ ਨਾਲ ਰਬਾਬ ਤੋਂ ਬਿਨਾਂ ਤਾਲ ਲਈ ਮ੍ਰਿਦੰਗ ਦਾ ਪ੍ਰਯੋਗ ਹੁੰਦਾ ਸੀ। ਇਸ ਬਾਰੇ ਭਾਈ ਗੁਰਦਾਸ ਜੀ ਲਿਖਦੇ ਹਨ:

*ਗੁਰਬਾਣੀ ਲਿਖਿ ਪੋਥੀਆਂ ਤਾਲ ਮ੍ਰਿਦੰਗ ਰਬਾਬ ਵਜਾਵੈ।*

(ਵਾਰ ੬:੧੨)

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਮੱਧ ਕਾਲੀਨ ਯੁੱਗ ਦੇ ਗੁਰੂ, ਕਵੀ ਸੰਤ ਤੇ ਭੱਟਾਂ ਦੀਆਂ ਸੰਗੀਤਕ ਰਚਨਾਵਾਂ ਦਾ ਸੰਗ੍ਰਹਿ ਕਰਕੇ ਇਕ ਆਦਿ ਗ੍ਰੰਥ ਸਾਹਿਬ ਦੇ ਰੂਪ ਵਿਚ ਉਸ ਦੀ ਸੰਪਾਦਨਾ ਕਰ ਕੇ ਸਿੱਖਾਂ ਨੂੰ ਇਕ ਵਡਮੁੱਲਾ ਹੀਰਾ ਪ੍ਰਦਾਨ ਕੀਤਾ, ਜਿਸ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਕਿਹਾ ਜਾਂਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਬਾਣੀ ਹੋਰ ਬਾਣੀਕਾਰਾਂ ਨਾਲੋਂ ਵਧੇਰੇ ਹੈ। ਗੁਰੂ ਜੀ ਨੇ ਵੱਖ ਵੱਖ ਕਾਵਿ ਸ਼ੈਲੀਆਂ ਵਿਚ ਬਾਣੀ ਰਚੀ। ਇਨ੍ਹਾਂ ਗਾਇਨ ਸ਼ੈਲੀਆਂ ਦੇ ਗਾਉਣ ਦਾ ਢੰਗ ਵੱਖਰਾ ਸੀ। ਪੜਤਾਲ ਗਾਇਕੀ ਨੂੰ ਵੀ ਆਪ ਨੇ ਹੀ ਪ੍ਰਚਾਰ ਵਿਚ ਲਿਆਂਦਾ। ਗੁਰੂ ਸਾਹਿਬ ਨੇ ਆਪਣੀ ਬਾਣੀ ਵਿਚ ਸੰਗੀਤਕ ਸ਼ਬਦਾਂ ਦਾ ਵੀ ਪ੍ਰਯੋਗ ਕੀਤਾ। ਉਨ੍ਹਾਂ ਦੀ ਬਾਣੀ ਤੋਂ ਸਾਫ ਨਜ਼ਰ ਆਉਂਦਾ ਹੈ ਕਿ ਉਹ ਸ਼ਾਸਤਰੀ ਸੰਗੀਤ ਦੇ ਮਹਾਨ ਗਿਆਤਾ ਸਨ। ਗੁਰੂ ਜੀ ਦੇ ਸਮੇਂ ਧਰੁਪਦ ਗਾਇਕੀ ਦਾ ਵੀ ਬਹੁਤ ਪ੍ਰਚਾਰ ਹੋਇਆ।

ਸ੍ਰੀ ਦਲੀਪ ਚੰਦਰ ਬੇਦੀ ਜੀ ਅਨੁਸਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਕਲਾ ਯੋਗਤਾ, ਹਰੀ ਕੀਰਤਨ, ਪ੍ਰੇਮ, ਸੰਗੀਤ ਕਲਾ ਦਾ ਮਹੱਤਵ ਅਤੇ ਕਲਾ ਦੇ ਪ੍ਰਭਾਵ ਦਾ ਅਦੁੱਤੀ ਉਦਾਹਰਣ ਮਿਲਦਾ ਹੈ - ਜਦੋਂ ਬਾਦਸ਼ਾਹ ਅਕਬਰ ਅਤੇ ਉਨ੍ਹਾਂ ਦੇ ਦਰਬਾਰੀ ਗਾਇਕ ਤਾਨਸੈਨ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਰਾਗ-ਰਾਗਣੀਆਂ ਭਰਿਆ ਹਰੀ ਜਸ ਕੀਰਤਨ ਸੁਣਨ ਲਈ ਰਸਤੇ ਵਿਚ ਠਹਿਰ ਗਏ ਸਨ ਤਾਂ ਇਸ ਤੋਂ ਵਧ ਗੁਰੂ ਸਾਹਿਬ ਦੀ ਸੰਗੀਤਕ ਦੇਣ ਕਲਾ ਯੋਗਤਾ ਅਤੇ ਕਲਾ ਦਾ ਪ੍ਰਮਾਣ ਹੋਰ ਕੀ ਹੋ ਸਕਦਾ ਹੈ? ਇਸ ਮਹਾਨ ਦੇਣ ਤੋਂ ਇਲਾਵਾ ਗੁਰੂ ਸ਼ਾਹਿਬ ਨੇ ਸਾਰੰਦਾ ਨਾਮ ਦੇ ਇਕ ਸੁਰ ਵਾਦ ਦੀ ਉਸਾਰੀ ਕੀਤੀ ਜੋ ਸਿੱਖ ਧਰਮ ਦੇ ਸੰਗੀਤ ਵਿਚ ਅੱਜ ਵੀ ਪ੍ਰਚਲਿਤ ਹੈ ਜਿਸ ਲਈ ਸੰਗੀਤ ਸਮਾਜ ਸਦਾ ਉਨ੍ਹਾਂ ਦਾ ਅਭਾਰੀ ਰਹੇਗਾ।

*(ਪਤ੍ਰਿਕਾ 'ਗੁਰਮਤਿ ਪ੍ਰਕਾਸ਼' 'ਚੋਂ ਧਨਵਾਦ ਸਹਿਤ)*

# ਮੇਰੀ ਮਾਏ : ਮਾਤਾ ਨਰਿੰਦਰ ਕੌਰ ਜੀ (ਪਿਆਰ ਭਰੀ ਸ਼ਰਧਾਂਜਲੀ)

## ਬੀਬੀ ਜਸਬੀਰ ਕੌਰ ਖਾਲਸਾ

*ਬੀਬੀ ਜਸਬੀਰ ਕੌਰ ਖਾਲਸਾ, ਪੂਰੀ ਤਰ੍ਹਾਂ ਗੁਰਮਤਿ ਸੰਗੀਤ ਨੂੰ ਸਮਰਪਤ ਹਨ। ਆਪ ਨੇ ਸੰਤ ਬਾਬਾ ਸੁੱਚਾ ਸਿੰਘ ਜੀ ਦੇ ਜੀਵਨ ਕਾਲ ਵਿਚ ਹੋਏ ਅਦੁੱਤੀ ਗੁਰਮਤ ਸੰਗੀਤ ਸੰਮੇਲਨਾਂ ਦੀ ਰੂਪ ਰੇਖਾ ਤਿਆਰ ਕਰਨ, ਉਨ੍ਹਾਂ ਸਮਾਗਮਾਂ ਨੂੰ ਆਯੋਜਿਤ ਕਰਨ ਵਿਚ ਅਹਿਮ ਭੂਮਿਕਾ ਨਿਭਾਈ। ਹੁਣ ਆਪ ਸ੍ਰੀ ਗੁਰੂ ਗ੍ਰੰਥ ਸਾਹਿਬ ਫਾਊਂਡੇਸ਼ਨ ਦੇ ਚੇਅਰਪਰਸਨ ਵਜੋਂ ਅਗਵਾਈ ਕਰਦਿਆਂ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਖੇ ਗੁਰਮਤਿ ਸੰਗੀਤ ਵਿਭਾਗ ਦੀ ਸਥਾਪਨਾ ਕਰਾਉਣ ਵਿਚ ਅਹਿਮ ਰੋਲ ਅਦਾ ਕੀਤਾ।*

*ਆਪ ਦੇ ਮਾਤਾ ਜੀ 22 ਨਵੰਬਰ 2005 ਨੂੰ ਅਕਾਲ ਚਲਾਣਾ ਕਰ ਗਏ ਸਨ। ਉਨ੍ਹਾਂ ਨੂੰ ਆਪ ਨੇ ਇਹ ਲਿਖਤੀ ਅਦੁੱਤੀ ਸ਼ਰਧਾਂਜਲੀ ਦਿੱਤੀ।*

***ਜੋ ਤੁਧੁ ਭਾਵੈ ਸੋ ਪਰਵਾਣੁ॥ ਤੇਰੇ ਭਾਣੇ ਨੋ ਕੁਰਬਾਣੁ॥***
***ਨਾਨਕੁ ਗਰੀਬੁ ਬੰਦਾ ਜਨੁ ਤੇਰਾ ਰਾਖਿ ਲੇਇ ਸਾਹਿਬੁ ਪ੍ਰਭੁ ਮੇਰਾ॥ (੬੭੬)***

***ਆਪਣੇ ਭਾਣੇ ਵਿਚਿ ਸਦਾ ਰਖੁ ਸੁਆਮੀ ਹਰਿ ਨਾਮੋ ਦੇਹੁ ਵਡਿਆਈ॥***
***ਪੂਰੇ ਗੁਰ ਤੇ ਭਾਣਾ ਜਾਪੈ ਅਨਦਿਨੁ ਸਹਜਿ ਸਮਾਈ॥ (੧੩੩੩)***

***ਮੇਰੀ ਮਾਏ!*** ਅੱਜ 22 ਨਵੰਬਰ 2005 ਨੂੰ ਤੇਰੀ ਸਰੀਰਕ ਯਾਤਰਾ ਪੂਰੀ ਹੋ ਗਈ। 76 ਸਾਲ ਦਾ ਸਫਰ ਤੂੰ ਬਹੁਤ ਸੁਖਦ ਤਰੀਕੇ ਨਾਲ ਪੂਰਾ ਕੀਤਾ। ਇਸ ਯਾਤਰਾ ਦੀ ਤਾਰੀਖ ਅਤੇ ਅੰਤਲੇ ਸੁਆਸ ਦਾ ਸਮਾਂ ਤਾਂ ਲਿਖਾ ਕੇ ਆਈ ਸੀ ਪਰ ਨਾ ਤੈਨੂੰ ਉਸ ਸਮੇਂ ਦਾ ਪਤਾ ਸੀ, ਨਾ ਤੇਰੇ ਹਰ ਵੇਲੇ ਦੇ ਸਾਥੀ ਪਤੀ ਨੂੰ, ਅਤੇ ਨਾ ਹੀ ਤੇਰੇ ਬੱਚਿਆਂ ਨੂੰ। ***"ਮਰਣੁ ਲਿਖਾਇ ਮੰਡਲ ਮਹਿ ਆਇ" (੬੮੫)*** ਦਾ ਤਾਂ ਗਿਆਨ ਸਾਨੂੰ ਹੈ ਸੀ ਪਰ ***"ਮਰਤਾ ਜਾਤਾ ਨਦਰਿ ਨ ਆਇਆ" (੧੫੨)*** ਪਰਤਖ ਰੂਪ ਵਿਚ ਪਹਿਲੀ ਵਾਰੀ ਸਮਝ ਵਿਚ ਪਿਆ।

***ਮੇਰੀ ਮਾਏ!*** ਕੁਝ ਦਿਨ ਪਹਿਲਾਂ ਹੀ ਤੂੰ ਮੈਨੂੰ ਪੁਛਿਆ ਸੀ ਸਹਜੇ ਹੀ, "ਕੀ ਮੌਤ ਦਾ ਮੈਨੂੰ ਪਹਿਲਾਂ ਹੀ ਪਤਾ ਲਗ ਜਾਵੇਗਾ?" ਮੈਂ ਕਿਹਾ ਸੀ, "ਆਮ ਤੌਰ 'ਤੇ ਸਹੀ ਸਮੇਂ ਦਾ ਪਤਾ ਨਹੀਂ ਲੱਗਦਾ, ਪਰ ਜਦੋਂ ਇਹ ਦੇਹ ਦੀ ਫੂਕ ਨਿਕਲ ਜਾਂਦੀ ਹੈ ਤਾਂ ਹੀ ਇਕ ਝਟਕੇ ਨਾਲ ਪਤਾ ਲੱਗਦਾ ਹੈ ਕਿ ਕੀ ਹੋ ਗਿਆ। ਜਦੋਂ ਸਮਾਂ ਪੁੱਗ ਜਾਂਦਾ ਹੈ ਤਾਂ ਇਹ ਘਟਨਾ ਪ੍ਰਭੂ ਹੁਕਮ ਵਿਚ ਆਪੇ ਵਾਪਰ ਜਾਂਦੀ ਹੈ। ਕਿਸੇ ਨੂੰ ਪੁੱਛ ਕੇ ਨਹੀਂ, ਨਾ ਹੀ ਦੱਸ ਕੇ, ਨਾਹੀ ਸਾਲਾਹ ਕਰਕੇ। ਇਹ ਤਾਂ ***"ਕਾਂਇਆ ਹੰਸ ਥੀਆ ਵੇਛੋੜਾ ਜਾਂ ਦਿਨ ਪੁੰਨੇ ਮੇਰੀ ਮਾਏ" (੫੭੯)*** ਹੈ।" ਤੇਰਾ ਜੁਆਬ ਸੀ, "ਗੁਰੂ ਸਾਡੇ ਅਉਗੁਣ ਬਖਸ਼ ਦੇਣ।"

***ਮੇਰੀ ਮਾਏ!*** ਤੇਰੇ ਸਹਿਲੇ ਮਰਨੇ ਨੇ ਇਕ ਵਾਰ ਗੁਰਮੁਖ ਅਵਸਥਾ ਦੇ ਪਰਤਖ ਰੂਪ ਵਿਚ ਦਰਸ਼ਨ ਕਰਾ ਦਿੱਤੇ। ਤੇਰੇ ਅੰਦਰ ਦੀ ਅਖੀਰਲੀ ਤੜਪ ਸੀ ਕਿ ਇਨੀ ਨਿੱਕੀ ਜੰਘੀਆਂ ਨਾਲ ਮੈਂ ਦੌੜ ਦੌੜ ਕੇ ਗੁਰਦੁਆਰੇ ਬੇਬੇ ਨਾਨਕੀ ਜਾਂਦੀ ਸਾਂ, ਹੁਣ ਨਹੀਂ ਜਾ ਸਕੀ, ਤੈਨੂੰ ਬੇਹੱਦ ਅਫ਼ਸੋਸ ਸੀ ਅਤੇ ਤੂੰ ਇਕ ਹਉਕਾ ਜਿਹਾ ਭਰਿਆ ਸੀ। ਤੇਰੇ ਅਖ਼ੀਰਲੇ ਸੁਆਸ ਤੋਂ ਕੁਝ ਮਿੰਟ ਪਹਿਲਾਂ ਹੀ ਤੇਰੀ ਇਹ ਗੁਰੂ ਪਿਆਰ 'ਚ ਇਕ ਚੀਸ ਸੀ ਜਿਸ ਨੇ ਮੇਰੇ ਹਿਰਦੇ 'ਤੇ ਤੀਰ ਵਰਗੀ ਡੂੰਘੀ ਚੋਭ ਲਾਈ ਸੀ ਤੇ ਅੰਦਰੋਂ ਹੀ ਤੇਰੇ ਚਰਨਾਂ 'ਤੇ ਨਮਸਕਾਰ ਕੀਤੀ ਸੀ ਕਿ ਕਿਸ ਹੱਦ ਦੇ ਗੁਰੂ ਪਿਆਰ ਵਿਚ ਤੂੰ ਜੀਊਂ ਰਹੀ ਸੀ। ਧੰਨ ਤੂੰ ਮੇਰੀ ਮਾਏ! ***"ਜੇ ਕਰਿ ਸਾਹਿਬੁ ਮਨਹੁ ਨ ਵੀਸਰੈ ਤਾ ਸਹਿਲਾ ਮਰਣਾ ਹੋਇ" (੫੫੫)***

***ਮੇਰੀ ਮਾਏ!*** ਤੇਰੀ ਸੋਚ ਦੀ ਉਡਾਰੀ ਵੀ ਉੱਚੀ ਸੀ। ਤੂੰ ਜਦੋਂ ਵੀ ਮੇਰੇ ਨਾਲ ਪ੍ਰਭੂ ਪਿਆਰ ਵਿਚ ਭਿੱਜ ਕੇ ਗੱਲ ਕੀਤੀ ਤਾਂ ਤੇਰਾ ਸੁਆਲ ਬੜਾ ਸੁਆਦਲਾ ਹੁੰਦਾ ਸੀ। 15 ਨਵੰਬਰ 2005 ਨੂੰ ਗੁਰੂ ਨਾਨਕ ਪਾਤਸ਼ਾਹ ਦੇ ਪ੍ਰਕਾਸ਼ ਪੁਰਬ ਵਾਲੇ ਦਿਨ ਹੀ ਤੂੰ ਮੈਨੂੰ ਪੁਛਿਆ ਸੀ, "ਕਈ ਗੁਰਮੁਖਾਂ ਨੂੰ ਅਖੀਰਲੇ ਸਮੇਂ ਬੜਾ ਸਰੀਰਕ ਦੁੱਖ ਉਠਾਉਣਾ

ਪੈਂਦਾ ਹੈ –ਕਿਉਂ?" ਮੈਂ ਕਿਹਾ, "ਹੋ ਸਕਦਾ ਹੈ ਰਹਿੰਦਾ ਖੂੰਹਦਾ ਲੇਖਾ ਇਥੇ ਹੀ ਮੁਕਾਉਣਾ ਚਾਹੁੰਦੇ ਹੋਣ।" ਤੂੰ ਹੱਸ ਪਈ ਤੇ ਨਿਮਰਤਾ ਵਿਚ ਕਿਹਾ, "ਮੈਂ ਤਾਂ ਸੰਤ ਨਹੀਂ, ਕੋਈ ਕਮਾਈ ਨਹੀਂ ਕੀਤੀ, ਗੁਰੂ ਕੇ ਸਿਖ ਜ਼ਰੂਰ ਹਾਂ ਤੇ ਇਕ ਗੱਲ ਇਹ ਚੰਗੀ ਹੋਈ ਕਿ ਮੈਂ ਤੈਨੂੰ ਜਨਮ ਦਿੱਤਾ ਹੈ, ਤੂੰ ਗੁਰੂ ਪੰਥ ਦੀ ਅਮਾਨਤ ਹੈਂ, ਇਸ ਦੀ ਮੈਨੂੰ ਪੂਰਨ ਸੰਤੁਸ਼ਟੀ ਹੈ।" ਮੈਂ ਹੈਰਾਨ ਸਾਂ, ਮਾਤਾ! ਤੇਰੀ ਸ਼ਰਧਾ ਕਿਤਨੀ ਪਵਿੱਤਰ ਹੈ। ਮੇਰੇ ਆਪਣੇ ਵਿਚ ਤਾਂ ਐਸੀ ਕੋਈ ਵਡਿਆਈ ਨਹੀਂ, ਇਹ ਤਾਂ ਤੇਰੀ ਆਪਣੀ ਪਿਛਲੀ ਕਮਾਈ ਅਤੇ ਮੈਨੂੰ ਜਨਮ ਦੇਣ ਵੇਲੇ ਦੀ ਭਗਤੀ ਕਰਕੇ ਹੀ ਮੇਰੇ ਸੰਸਕਾਰ ਅਜਿਹੇ ਬਣੇ ਕਿ ਪ੍ਰਭੂ ਚਰਨਾਂ ਦੀ ਪ੍ਰੀਤ ਦਾ ਸੁਆਦ ਮੈਨੂੰ ਮਿਲਿਆ। *"ਮੈ ਨਿਰਗੁਣਿ ਮੇਰੀ ਮਾਏ ਆਪਿ ਲੜਿ ਲਾਇ ਲਈ" (੩੯੭)*

***ਮੇਰੀ ਮਾਏ!*** ਤੂੰ ਸਾਨੂੰ ਮੇਰੇ ਬਚਪਨ ਬਾਰੇ ਸੁਣਾਦਿਆਂ ਕਹਿੰਦੀ ਸੀ ਕਿ ਤੁਸੀਂ ਮੈਨੂੰ ਬਹੁਤ ਔਖਾ ਪਾਲਿਆ, ਮੈਂ ਕਮਜ਼ੋਰ ਬਹੁਤ ਸਾਂ। ਦਾਰ ਜੀ ਤੇ ਤੁਸੀਂ ਸਾਰੀ ਵਾਹ ਲਾਈ ਪਰ ਮੇਰੀ ਸਿਹਤ ਨਾ ਬਣੀ। ਅਖੀਰ ਤੇਰੀ ਗੁਰੂ ਭਗਤੀ ਤੁਹਾਨੂੰ ਪ੍ਰੇਰ ਕੇ ਨਨਕਾਣਾ ਸਾਹਿਬ ਲੈ ਗਈ, ਜਿਥੇ ਤੁਸਾਂ ਮੈਨੂੰ ਤਖਤ ਸਾਹਿਬ ਦੇ ਇਸ਼ਨਾਨ ਦੇ ਜਲ ਨਾਲ ਨਹਾਲਿਆ ਤੇ ਦਿਨ ਬ ਦਿਨ ਮੈਂ ਠੀਕ ਹੋ ਗਈ। ਤੁਸੀਂ ਦੋਹਾਂ ਨੇ ਮੈਨੂੰ ਝੋਲੀ ਵਿਚ ਪਾ ਕੇ ਸੁਖਮਣੀ ਸਾਹਿਬ ਦੀਆਂ ਜੋ ਲੋਰੀਆਂ ਦਿੱਤੀਆਂ, ਉਹ ਅੱਜ ਵੀ ਤਨ ਮਨ, ਆਤਮਾ ਨੂੰ ਟਕੋਰਦੀਆਂ ਹਨ ਤੇ ਬਾਰ ਬਾਰ ਤੁਹਾਡੇ ਸਿਦਕ ਨੂੰ ਯਾਦ ਕਰ ਆਪਣੇ ਧੁਰ ਅੰਦਰੋਂ ਆਪ ਦਾ ਧੰਨਵਾਦੀ ਬਣਾਉਂਦੀਆਂ ਹਨ। ਮੈਨੂੰ ਤੁਸਾਂ ਤਿੰਨ ਭਰਾ ਤੇ ਦੋ ਭੈਣਾਂ ਦਿੱਤੀਆਂ ਜਿਨ੍ਹਾਂ ਦੀ ਪ੍ਰਵਰਿਸ਼ ਕਰਦਿਆਂ ਮੈਂ ਤੁਹਾਨੂੰ ਆਪ ਵੇਖਿਆ ਹੈ। ਜ਼ਿੰਦਗੀ ਦੇ ਹਰ ਉਤਰਾਅ ਚੜ੍ਹਾਅ ਨੂੰ ਕਿਸ ਤਰ੍ਹਾਂ ਗੁਰੂ ਭਰੋਸੇ ਵਿਚ ਰਹਿ ਕੇ ਬੱਚਿਆਂ ਨੂੰ ਉੱਚੀ ਤੋਂ ਉੱਚੀ ਵਿਦਿਆ ਦੇਣ ਦਾ ਸੰਕਲਪ ਕੀਤਾ। ਮੇਰੀ ਮਾਏ! ਤੇਰੀ ਹਰ ਵੇਲੇ ਦੀ ਅਰਦਾਸ ਕਿ 'ਹੇ ਸੱਚੇ ਪਾਤਸ਼ਾਹ! ਆਪਣੇ ਬੱਚਿਆਂ ਨੂੰ ਗੁਰਸਿੱਖੀ ਜੀਵਨ ਬਖਸ਼ੋ!' ਮੈਨੂੰ ਇਹ ਅਹਿਸਾਸ ਕਰਾਉਂਦੀ ਰਹੀ ਕਿ ਤੇਰੇ ਸਾਰੇ ਬੱਚੇ ਗੁਰੂ ਚਰਨਾਂ ਦੇ ਭੌਰੇ, ਕੀਰਤਨ ਦੇ ਰਸੀਏ, ਨਾਮ ਬਾਣੀ ਨਾਲ ਪਿਆਰ ਕਰਨ ਵਾਲੇ ਹਨ। ਮੈਨੂੰ ਯਾਦ ਹੈ ਸਭ ਬੱਚੇ ਅੰਮ੍ਰਿਤ ਵੇਲੇ ਦੇ ਇਸ਼ਨਾਨ ਤੋਂ ਕਦੇ ਨਹੀਂ ਖੁੰਝੇ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੇ ਚਰਨਾਂ ਵਿਚ ਨਮਸਕਾਰ ਅਤੇ ਘੱਟੋ ਘੱਟ ਜਪੁਜੀ ਸਾਹਿਬ ਦੇ ਪਾਠ ਤੋਂ ਬਿਨਾਂ ਪਰਸ਼ਾਦਾ ਨਹੀਂ ਸੀ ਛਕਦੇ। ਪੜ੍ਹਾਈ ਵਿਚ ਤੁਹਾਡੇ ਬੱਚੇ ਬਹੁਤ ਹੀ ਲਾਇਕ ਸਨ। ਬੱਚਿਆਂ ਦੀ ਲਿਆਕਤ ਦੀ ਖੁਸ਼ੀ ਤੁਹਾਨੂੰ ਹਰ ਵੇਲੇ ਹੁੰਦੀ ਸੀ। ਪਰ ਉਸ ਤੋਂ ਵਧ ਤੁਸੀਂ ਉਦੋਂ ਖੁਸ਼ ਹੁੰਦੇ ਸੀ ਜਦੋਂ ਤੁਸੀਂ ਦੇਖਦੇ ਕਿ ਤੁਹਾਡੇ ਬੱਚੇ ਗੁਰਬਾਣੀ ਕੀਰਤਨ ਦੇ ਕਿਤਨੇ ਵੱਡੇ ਪ੍ਰੇਮੀ ਸਨ ਤੇ ਹਨ ਵੀ। ਸਕੂਲ ਕਾਲਜ ਜਾਂਦੇ ਬੱਚਿਆਂ ਨੂੰ ਵਾਗੀ ਵਾਗੀ ਉਡੀਕ ਕੇ ਗਰਮ ਪ੍ਰਸ਼ਾਦੇ ਬਣਾ ਕੇ ਛਕਾਉਣੇ ਇਹ ਤੇਰੀ ਮਮਤਾ ਸੀ। ਸਾਫ ਸੁਥਰੀ ਖੁਰਾਕ, ਬਾਜ਼ਾਰੀ ਪਕਵਾਨਾਂ ਦੀ ਥਾਂ ਘਰ ਹੀ ਤਰ੍ਹਾਂ ਤਰ੍ਹਾਂ ਦੇ ਪਕਵਾਨ ਬਣਾ ਕੇ ਬੱਚਿਆਂ ਨੂੰ ਖੁਆਉਣੇ ਤੇ ਇਹ ਕਹਿਣਾ ਕਿ ਮੈਂ ਤਾਂ ਗੁਰੂ ਦੀ ਸੇਵਾਦਾਰ ਸਭ ਦੇ ਅੰਦਰ ਬੈਠੇ ਗੁਰੂ ਵਾਹਿਗੁਰੂ ਨੂੰ ਹੀ ਛਕਾਉਂਦੀ ਹਾਂ! ਬੱਚਿਆਂ ਦੇ ਕੇਸ ਧੋਣੇ ਤੇ ਕਹਿਣਾ ਕਿ ਕਲਗੀਆਂ ਵਾਲੇ ਦੇ ਕੇਸਾਂ ਦਾ ਇਸ਼ਨਾਨ ਕਰਾਉਂਦੀ ਹਾਂ। ਬੱਚਿਆਂ ਦੀ ਮਮਤਾ ਵਿਚ ਵੀ ਗੁਰੂ ਪਿਆਰ ਨੂੰ ਹੀ ਮਾਨਣਾ ਮਾਏ ਤੇਰੀ ਵਡਿਆਈ ਹੈ। *"ਮਾਤਾ ਪ੍ਰੀਤਿ ਕਰੇ ਪੁਤੁ ਖਾਇ"* ਇਹ ਤੇਰੀ ਮਮਤਾ ਦੀ ਕਮਾਈ ਹੈ ਮੇਰੀ ਮਾਏ।

***ਮੇਰੀ ਮਾਏ!*** ਤੇਰੀ ਖੁਸ਼ੀ ਦੀ ਹੱਦ ਨਹੀਂ ਸੀ ਜਦੋਂ ਤੂੰ ਦੇਖਿਆ ਤੇਰੇ ਪੁੱਤਰ ਬਹੁਤ ਵੱਡੇ ਅਫਸਰ ਬਣੇ ਹਨ। ਬਾਗ਼-ਪਰਿਵਾਰ ਫਲਦਾ ਫੁਲਦਾ ਦੇਖ ਕੇ ਪ੍ਰਮੇਸ਼ਰ ਦਾ ਸ਼ੁਕਰਾਨਾ ਕਰਨਾ ਅਤੇ ਹੋਰ ਚੜ੍ਹਦੀ ਕਲਾ ਲਈ ਅਰਦਾਸ ਤੇਰੀ ਇਬਾਦਤ ਸੀ। ਇਕ ਪੁਤਰ ਇਕਬਾਲ ਸਿੰਘ ਪਿਛਲੇ ਸਾਲ 26 ਦਸੰਬਰ ਨੂੰ ਚੜ੍ਹਾਈ ਕਰ ਗਿਆ, ਤੇਰੇ ਉਤੇ ਦੁਖਾਂ ਦਾ ਪਹਾੜ ਡਿਗ ਪਿਆ। ਬਜ਼ੁਰਗੀ ਵਿਚ ਜਵਾਨ ਪੁੱਤਰ ਦਾ ਅਜਿਹਾ ਭਾਰ ਆਪਣੇ ਮੋਢੇ ਉਤੇ ਮਾਂ-ਪਿਓ ਲਈ ਚੁੱਕਣਾ ਕਿਤਨਾ ਮੁਸ਼ਕਿਲ ਹੈ ਇਹ ਤਾਂ ਹਰ ਕੋਈ ਜਾਣਦਾ ਹੈ। ਉਸਨੇ ਤੇਰੀ ਇਤਨੀ ਸੇਵਾ ਕੀਤੀ ਕਿ ਤੂੰ ਹਰ ਵੇਲੇ ਉਸਦੀ ਸੇਵਾ ਸਦਕੇ ਵਾਰਨੇ ਜਾਂਦੀ ਰਹੀ। ਤੇਰਾ ਇਕ ਪੁਤਰ ਜਤਿੰਦਰ ਸਿੰਘ ਫੌਜ ਵਿਚ ਬ੍ਰਿਗੇਡੀਅਰ, ਸਭ ਤੋਂ ਛੋਟਾ ਗੋਵਿੰਦਰ ਸਿੰਘ ਬੰਬੇ ਡਾਇੰਗ ਵਿਚ ਸੀ.ਐਫ.ਓ ਹੈ। ਤੈਨੂੰ ਤਸੱਲੀ ਸੀ ਧੀਆਂ-ਪੁੱਤਰ ਹਰ ਪ੍ਰਕਾਰ ਨਾਲ ਚੜ੍ਹਦੀ ਕਲਾ ਵਿਚ ਹਨ। ਬੱਚਿਆਂ ਲਈ ਤਾਂ ਤੇਰੀ ਅਸੀਸ ਹਰ ਵੇਲੇ ਸੀ *"ਪੂਤਾ ਮਾਤਾ ਕੀ ਆਸੀਸ॥ ਨਿਮਖ ਨ ਬਿਸਰਉ ਤੁਮ੍ ਕਉ ਹਰਿ ਹਰਿ ਸਦਾ ਭਜਹੁ ਜਗਦੀਸੁ॥" (੪੯੬)* ਮਾਂ ਦੀ ਅਸੀਸ ਵਿਚ ਜੋ ਬਲ ਹੈ, ਉਹ ਦੁਨੀਆ ਵਿਚ ਕਿਤੇ ਹੋਰ ਨਹੀਂ। ਤੇਰਾ ਪਿਆਰ ਅਮਰ ਹੈ, ਮੇਰੀ ਮਾਏ! ਤੇਰਾ ਪਿਆਰ ਅਮਰ ਹੈ।

***ਮੇਰੀ ਮਾਏ!*** ਤੇਰੀਆਂ ਧੀਆਂ ਬਲਜੀਤ ਕੌਰ-ਡਾ. ਪਸ਼ੌਰਾ ਸਿੰਘ ਨਾਲ ਅਤੇ ਇੰਦਰਜੀਤ ਕੌਰ ਸ੍ਰ. ਸੁਖਬੀਰ

ਸਿੰਘ ਨਾਲ ਵਿਆਹੀਆਂ ਗਈਆਂ। ਸਾਰੇ ਪਰਿਵਾਰ ਗੁਰਮੁਖੀ ਦੀ ਰੰਗਤ ਵਿਚ ਰੰਗੇ ਹੋਏ ਹਨ। ਤੇਰੇ ਪਰਿਵਾਰ ਦੀ ਹਰ ਪ੍ਰਕਾਰ ਦੀ ਚੜ੍ਹਦੀ ਕਲਾ ਨੂੰ ਪੰਥ ਦੀ ਚੜ੍ਹਦੀ ਕਲਾ ਜਾਣ ਕਲਗੀਧਰ ਦਾ ਸ਼ੁਕਰਾਨਾ ਕਰਦੀ ਰਹੀ। ਤੇਰੇ ਬੱਚਿਆਂ ਨੂੰ ਗੁਰੂ ਬਖਸ਼ਿਸ਼ ਅੰਮ੍ਰਿਤ ਦੀ ਦਾਤ ਪ੍ਰਾਪਤ ਕੀਤੀ ਤੇ ਤੂੰ ਬੱਚਿਆਂ ਨੂੰ ਅਸੀਸ ਦਿੱਤੀ 'ਹੁਣ ਤੋਂ ਤੁਸੀਂ ਗੁਰੂ ਗੋਬਿੰਦ ਸਿੰਘ ਦੇ ਪੁਤਰ-ਪੁਤਰੀਆਂ ਹੋ, ਪੰਥ ਦੇ ਮੈਂਬਰ ਹੋ। ਮੈਂ ਤੁਹਾਨੂੰ ਗੁਰੂ ਦੇ ਹਵਾਲੇ ਕਰ ਦਿੱਤਾ, ਤੁਹਾਡਾ ਹਰ ਪ੍ਰਕਾਰ ਨਾਲ ਗੁਰੂ ਰਾਖਾ!' ***"ਸਭੁ ਪਰਿਵਾਰੁ ਚੜਾਇਆ ਬੇੜੇ" (੩੩੭)***

***ਮੇਰੀ ਮਾਏ!*** ਤੇਰਾ ਪਿਆਰਾ ਪਤੀ ਹਰਬੰਸ ਸਿੰਘ ਇਕ ਐਸਾ ਫ਼ਕੀਰ ਜੋ ਹਰ ਦਮ ਸਚ 'ਤੇ ਪਹਿਰਾ ਦੇਣ ਵਾਲਾ, ਸਦਾ ਵਾਹਿਗੁਰੂ ਦੇ ਭਰੋਸੇ ਵਿਚ ਰਹਿਣ ਵਾਲਾ, ਕਿਸੇ ਵੀ ਵੇਲੇ ਅਕਾਲ ਪੁਰਖ ਅੱਗੇ ਕੋਈ ਸ਼ਿਕਾਇਤ ਨਹੀਂ, ਕੋਈ ਮੰਗ ਨਹੀਂ, ਸਦਾ ਭਾਣੇ ਵਿਚ ਰਹਿਣ ਵਾਲਾ ਹੈ। ਤੇਰੇ ਸੰਗ ਸਾਥ ਨਾਲ ਭਗਤੀ ਦਾ ਰੰਗ ਵਧਦਾ ਹੀ ਗਿਆ। ਫੌਜ ਦੀ ਨੌਕਰੀ ਵੇਲੇ ਪਰਿਵਾਰ ਤੋਂ ਜਦੋਂ ਪਰ੍ਹੇ ਰਹੇ ਤਾਂ ਜੋ ਭਗਤੀ ਸਿਮਰਨ ਉਨ੍ਹਾਂ ਨੇ ਕੀਤਾ, ਉਨ੍ਹਾਂ ਦੇ ਕਈ ਸਬੂਤ ਅਸੀਂ ਵੇਖੇ ਹਨ। ਕਾਪੀਆਂ ਦੀਆਂ ਕਾਪੀਆਂ "ਵਾਹਿਗੁਰੂ", "ਤੂੰਹੀ ਤੂੰਹੀ", "ਧੰਨ ਗੁਰੂ ਨਾਨਕ" ਨਾਲ ਲਿਖ ਕੇ ਭਰੀਆਂ ਪਈਆਂ ਹਨ। ***"ਲਿਖੁ ਨਾਮ ਸਾਲਾਹ ਲਿਖੁ" (੧੬)*** ਦਾ ਪਰਤਖ ਪ੍ਰਮਾਣ ਹਨ। ਲੇਹ-ਲੱਦਾਖ ਦੀਆਂ ਬਰਫੀਲੀਆਂ ਪਹਾੜੀਆਂ ਦੇ ਅਤਿ ਕਠਿਨ ਜੀਵਨ ਵਿਚ ਕਲਗੀਧਰ ਦਾ ਹਰ ਵੇਲੇ ਅੰਗ ਸੰਗ ਹੋ ਕੇ ਹਰ ਪ੍ਰਕਾਰ ਦੀ ਸਹਾਇਤਾ ਦੇ ਕਈ ਕੌਤਕ ਪਤੀ ਨੇ ਵੇਖੇ। ਤੇਰੇ ਵਰਗਾ ਭਾਗਾਂ ਵਾਲਾ ਕੌਣ ਹੈ, ਜਿਸ ਦਾ ਪਤੀ ਜੋ ਬਚਨ ਕਰੇ, ਉਹ ਸਤ ਹੋ ਜਾਵੇ। ਜਿਸ ਅਤਿ ਦੀ ਈਮਾਨਦਾਰੀ ਨਾਲ ਸਾਰੀ ਉਮਰ ਉਨ੍ਹਾਂ ਨੇ ਬਿਤਾਈ, ਉਹ ਉਨ੍ਹਾਂ ਦੇ ਜੀਵਨ ਦਾ ਐਸਾ ਸਚ ਹੈ ਕਿ ਦੁਨੀਆ ਵਿਚ ਕਿਸੇ ਵੀ ਪ੍ਰਕਾਰ ਦੀ ਬੇਈਮਾਨੀ, ਝੂਠ ਉਹ ਬਰਦਾਸ਼ਤ ਨਹੀਂ ਕਰ ਸਕਦੇ। ਦੁਖ ਸੁਖ ਨੂੰ ਨਾ ਜਤਾਉਣਾ ਉਨ੍ਹਾਂ ਦਾ ਖਾਸਾ ਹੈ, ਦੁੱਖ ਲੱਖ ਹੋਵੇ, ਕਹਿਣਾ ਨਹੀਂ-ਐਸਾ ਹਠ ਹੈ, ਡਾਕਟਰ ਅਤੇ ਦਵਾਈਆਂ ਤੋਂ ਤਾਂ ਕੋਹਾਂ ਦੂਰ ਰਹਿਣਾ ਚਾਹੁੰਦੇ ਹਨ, ਕਦੇ ਤਕਲੀਫ਼ ਹੋਵੇ, ਅਸੀਂ ਚਿਹਰਾ ਦੇਖ ਕੇ ਮਹਿਸੂਸ ਕਰ ਲਈਏ ਤਾਂ ਕੋਈ ਆਹਰ ਕਰ ਲੈਂਦੇ ਹਾਂ। ਜਿਸ ਨੂੰ ਐਸੇ ਪ੍ਰਭੂ ਭਗਤੀ ਵਾਲੇ ਪਤੀ ਦਾ ਸੰਗ ਮਿਲਿਆ ਹੋਵੇ, ਕਿਉਂ ਨਾ ਉਸ ਦਾ ਪਰਿਵਾਰ ਸੁਖੀ ਹੋਵੇਗਾ। ਕਿਸੇ ਭਗਤ-ਔਰਤ ਨੂੰ ਭਗਤ ਪਤੀ ਮਿਲ ਜਾਏ ਤਾਂ ਉਸ ਦਾ ਜੀਵਨ ਆਪ ਹੀ ਸਵਰਗ ਹੋ ਜਾਂਦਾ ਹੈ, ਇਸ ਨਾਲੋਂ ਸੱਚਖੰਡੀ ਸਵਾਦ ਹੋਰ ਕਿੱਥੇ ਮਿਲੇਗਾ। ਸਾਦਗੀ, ਨਿਮਰਤਾ, ਦਇਆ, ਸੇਵਾ, ਸਿਮਰਨ, ਸੰਤੋਖ, ਸਚ ਤੁਹਾਡੇ ਜੀਵਨ ਦੇ ਅਸਲੀ ਗਹਿਣੇ ਹਨ। ਤੁਸੀਂ ਦੋਨੋਂ ਰਲ ਕੇ ***'ਇਕ ਜੋਤਿ ਦੁਇ ਮੂਰਤੀ'*** ਹੋ ਗਏ। ਧੰਨ ਹੋ ਮੇਰੀ ਮਾਏ।

***ਮੇਰੀ ਮਾਏ!*** ਤੇਰੀ ਗੁਰੂ ਸੇਵਾ ਦੀ ਭਾਵਨਾ ਦੀ ਗੱਲ ਕੀ ਕਰੀਏ। ਜਦੋਂ ਤੁਸੀਂ ਲੁਧਿਆਣੇ 1966 ਵਿਚ ਆ ਕੇ ਵਸੇ, ਮਾਡਲ ਟਾਊਨ ਮੁਹੱਲੇ ਵਾਸਤੇ ਜਿਵੇਂ ਸੇਵਾ ਦਾ ਇਕ ਪ੍ਰਾਜੈਕਟ ਲੈ ਕੇ ਆਏ। ਸਤਸੰਗਿ ਤੋਂ ਬਿਨਾਂ ਤੁਸੀਂ ਰਹਿ ਨਹੀਂ ਸਕਦੇ। ਆਪਣੇ ਘਰ ਵਿਚ ਮੁਹੱਲੇ ਦੀਆਂ ਬੀਬੀਆਂ ਨਾਲ ਰਲ ਕੇ ਸਤਸੰਗਿ ਸ਼ੁਰੂ ਕਰ ਦਿੱਤਾ। ਹਰ ਹਫ਼ਤੇ ਸੁਖਮਣੀ ਸਾਹਿਬ ਦਾ ਪਾਠ, ਕੀਰਤਨ ਦੇ ਪ੍ਰਵਾਹ ਨੇ ਐਸਾ ਰੰਗ ਲਿਆਂਦਾ ਕਿ ਅੱਜ ਸੰਗਤਾਂ ਤੋਂ ਇਕ ਇਕ ਪੈਸਾ ਇਕੱਠਾ ਕਰਕੇ ਗੁਰਦੁਆਰਾ ਬੇਬੇ ਨਾਨਕੀ, ਲੁਧਿਆਣਾ ਸ਼ਹਿਰ ਦਾ ਬਹੁਤ ਮਨਮੋਹਕ ਅਸਥਾਨ ਬਣ ਗਿਆ ਹੈ; ਜਿਥੇ ਬੀਬੀਆਂ ਦਿਨ ਰਾਤ ਗੁਰਮਤਿ ਪ੍ਰਚਾਰ ਦੀ ਸੇਵਾ ਵਿਚ ਜੁਟੀਆਂ ਹਨ। ਤੁਸੀ ਆਪਣੇ ਜਥੇ ਦੀਆਂ ਬੀਬੀਆਂ ਸੁਮਿਤਰਾ ਕੌਰ, ਬੇਜੀ, ਵਿਦਵੰਤ ਕੌਰ, ਦਲੀਪ ਕੌਰ, ਰਜਿੰਦਰ ਕੌਰ, ਕਮਲਜੀਤ ਕੌਰ ਇਤਿਆਦਿ ਬੇਅੰਤ ਬੀਬੀਆਂ ਨੂੰ ਨਾਲ ਲੈ ***"ਮਨ ਮੇਲੀ ਕਰਿ ਮੇਲਿ ਮਿਲੰਦੇ"*** ਦੇ ਭਾਵ ਅਨੁਸਾਰ ਸੇਵਾ ਦਾ ਬੀੜਾ ਚੁਕਿਆ। ਕੀ ਮਜਾਲ ਹੈ ਗੁਰਦੁਆਰਾ ਸਾਹਿਬ ਦੀ ਸੇਵਾ ਵਿਚ ਖਿਨ ਪਲ ਦੀ ਢਿਲਿਆਈ ਵਰਤਣ ਦਿਓ। ਪਹਿਲੇ ਦਿਨ ਤੋਂ ਆਪ ਨੂੰ ਸੰਗਤ ਨੇ ਮੁਖ ਸੇਵਾਦਾਰ ਦੀ ਸੇਵਾ ਬਖਸ਼ੀ ਤੇ ਅੱਜ ਤਕ ਉਸੇ ਸੇਵਾ ਤੇ ਟਿਕ ਕੇ ਬੀਬੀ ਨਾਨਕੀ ਜੀ ਦੀਆਂ ਬੇਅੰਤ ਖੁਸ਼ੀਆਂ ਲਈਆਂ। ਗੁਰਦੁਆਰਾ ਸਾਹਿਬ ਦੀ ਸੇਵਾ ਹਰ ਦਮ ਚੜ੍ਹਦੀ ਕਲਾ ਵਿਚ ਹੋਵੇ, ਇਹ ਆਪ ਦਾ ਚਾਅ ਸੀ। ਤੁਸੀਂ ਤਾਂ ਆਪਣੇ ਪਤੀ ਨੂੰ ਵੀ ਸੇਵਾ ਲਈ ਪ੍ਰੇਰ ਕੇ ਢੇਰ ਸਾਰੀਆਂ ਜ਼ਿੰਮੇਵਾਰੀਆਂ ਦੇ ਦਿੱਤੀਆਂ ਅਤੇ ਦਾਰ ਜੀ ਨੂੰ ਗੁਰਦੁਆਰਾ ਸ਼ਹੀਦਾਂ (1947) ਮਾਡਲ ਟਾਊਨ ਦੀ ਸੇਵਾ ਲਈ ਵੀ ਸ਼ੁਰੂ ਤੋਂ ਹੀ ਪ੍ਰੇਰਦੇ ਰਹੇ ਜੋ ਉਨ੍ਹਾਂ ਬਾਖੂਬੀ ਨਿਭਾਈ ਅਤੇ ਨਿਭਾ ਰਹੇ ਹਨ। ਮੈਂ ਆਪਣੇ ਜੀਵਨ ਵਿਚ ਚਾਅ ਸਿਦਕ, ਈਮਾਨਦਾਰੀ, ਅਦਬ ਵਿਚ ਸੇਵਾ ਹੁੰਦਿਆਂ ਇਹ ਪਹਿਲਾ ਅਸਥਾਨ ਵੇਖਿਆ ਹੈ। ਸਾਰੇ ਮੁਹੱਲੇ ਦੀਆਂ ਬੱਚੀਆਂ ਦੇ ਤੁਸੀਂ ਮਾਸੀ ਜੀ, ਅਤੇ ਸਭ ਨੂੰਹਾਂ ਦੇ ਬੀਜੀ ਸੀ, ਐਸਾ ਪਿਆਰ ਵੰਡਿਆ ਕਿ ਹਰ ਕੋਈ ਆਖੇ ਜੇ ਗੁਰਦੁਆਰੇ ਵਿਚ ਕੋਈ ਗੱਲ ਮਨਵਾਉਣੀ ਹੋਵੇ ਤਾਂ

ਬੀਜੀ/ਮਾਸੀ ਜੀ ਕੋਲ ਜਾਓ। ਹਰ ਦੁਖ ਸੁਖ ਵਿਚ ਬੇਬੇ ਨਾਨਕੀ ਗੁਰਦੁਆਰੇ ਅਰਦਾਸ ਅਤੇ ਸ਼ੁਕਰਾਨਾ ਕਰਨਾ ਤੁਹਾਡਾ ਵਿਸ਼ਵਾਸ ਸੀ। *"ਸੇਵਾ ਕਰਤ ਹੋਇ ਨਿਹਕਾਮੀ"* ਦੀ ਤੁਸੀਂ ਪਰਤਖ ਮੂਰਤ ਸੀ।

*ਮੇਰੀ ਮਾਏ!* ਮੈਂ ਆਪਣੀ ਗੱਲ ਕਰਾਂ - ਪਤਾ ਨਹੀਂ ਤੁਹਾਡੇ ਦੋਹਾਂ ਅੰਦਰ ਪ੍ਰਮੇਸ਼ਰ ਨੇ ਵਿਸ਼ਵਾਸ ਦੀ ਸ਼ਕਤੀ ਕੈਸੀ ਭਰੀ ਸੀ ਕਿ ਆਪਣੀ ਧੀ ਨੂੰ ਪੰਥ ਦੀ ਸੇਵਾ ਲਈ ਹਮੇਸ਼ਾਂ ਲਈ ਆਗਿਆ ਦੇ ਦੇਣੀ, ਦੁਨਿਆਵੀ ਬੰਧਨਾਂ ਅਤੇ ਲੋਕਾਚਾਰ ਨੂੰ ਤਿਆਗ ਗੁਰੂ ਪਿਆਰ ਦੀ ਉਚਤਮ ਮਿਸਾਲ ਹੈ। ਸਾਹਿਬ ਸ੍ਰੀ ਗੁਰੂ ਨਾਨਕ ਪਾਤਸ਼ਾਹ ਦੇ ਸੰਨ 1969 ਵਿਚ 500 ਸਾਲਾ ਪ੍ਰਕਾਸ਼ ਉਤਸਵ ਸਮੇਂ ਦਾਰ ਜੀ ਨੇ ਵੀਚਾਰ ਕੀਤਾ-ਜਗਤ ਦਾ ਹਰ ਸਿਖ ਇਸ ਮਹਾਨ ਇਤਿਹਾਸਕ ਸਮੇਂ ਗੁਰੂ ਨਾਨਕ ਪਾਤਸ਼ਾਹ ਦੀ ਯਾਦ ਵਿਚ ਕੋਈ ਸੇਵਾ ਜ਼ਰੂਰ ਕਰੇਗਾ ਅਤੇ ਪਤੀ-ਪਤਨੀ ਦੋਹਾਂ ਨੇ ਵੀਚਾਰ ਕਰਕੇ ਅਰਦਾਸ ਕੀਤੀ ਕਿ "ਹੇ ਗੁਰੂ ਨਾਨਕ ਪਾਤਸ਼ਾਹ ਜੀਓ, ਅਸੀਂ ਤੁਛ ਜਿਹੇ ਜੀਵ ਤੇਰੀ ਕੀ ਸੇਵਾ ਕਰ ਸਕਦੇ ਹਾਂ, ਜਪ ਨਹੀਂ, ਤਪ ਨਹੀਂ, ਕਲਜੁਗੀ ਜੀਵ ਹਾਂ; ਕੀ ਅਰਪਨ ਕਰੀਏ ਕਿ ਤੇਰੀ ਖੁਸ਼ੀ ਹੋਵੇ, ਤੈਨੂੰ ਪਰਵਾਨ ਹੋਵੇ, ਜਸਬੀਰ ਕੌਰ ਤੇਰੀ ਹੀ ਬੱਚੀ ਹੈ, ਜਿਸ ਨੂੰ ਅਸੀਂ ਆਪਣੀ ਮੰਨੀ ਬੈਠੇ ਹਾਂ, ਪਰ ਹਰ ਪ੍ਰਕਾਰ ਨਾਲ ਉਹ ਤੈਨੂੰ ਸਮਰਪਿਤ ਹੈ। ਇਸ ਲਈ ਇਹ ਬੱਚੀ ਤੈਨੂੰ ਦਿੱਤੀ।"

ਜਦੋਂ ਅੱਜ ਮੈਂ ਇਸ ਬਾਰੇ ਸੋਚਦੀ ਹਾਂ ਤਾਂ ਹੈਰਾਨ ਹੁੰਦੀ ਹਾਂ ਕਿ ਕੋਈ ਮਾਂ ਪਿਓ ਕਦੇ ਪੁਤਰ ਨੂੰ ਤਾਂ ਧਰਮ ਅਰਥ ਤੋਰ ਦੇਵੇ ਪਰ ਧੀ ਦੀ ਭਾਵਨਾ ਦਾ ਸਤਿਕਾਰ ਕਰਦੇ ਹੋਏ ਸੇਵਾ, ਸਿਮਰਨ ਦੀ ਆਗਿਆ ਦੇਣੀ ਵੱਡੀ ਕੁਰਬਾਨੀ ਹੈ। ਤੁਸੀਂ ਫੈਸਲਾ ਲਿਆ ਕਿ ਅੱਜ ਤੋਂ ਬਾਅਦ ਜਸਬੀਰ ਕੌਰ ਨੂੰ ਸੇਵਾ ਸਿਮਰਨ ਕਰਦਿਆਂ ਕੋਈ ਰੋਕ, ਟੋਕ ਨਹੀਂ ਹੋਵੇਗੀ ਸਗੋਂ ਹਰ ਪ੍ਰਕਾਰ ਨਾਲ ਸਹਿਯੋਗ ਮਿਲੇਗਾ ਅਤੇ ਅੱਜ ਤੱਕ ਜੋ ਤੁਸੀਂ ਮੇਰਾ ਸਤਿਕਾਰ ਕੀਤਾ, ਅਤੇ ਹਰ ਪ੍ਰਕਾਰ ਨਾਲ ਮੈਨੂੰ ਪਿਆਰ ਅਤੇ ਸਹਿਯੋਗ ਮਿਲਿਆ, ਉਸ ਦਾ ਇਸ ਜੀਵਨ ਅਤੇ ਆਉਣ ਵਾਲੇ ਸਮਿਆਂ ਵਿਚ ਮੇਰਾ ਰੋਮ ਰੋਮ ਰਿਣੀ ਰਹੇਗਾ। ਮੇਰੀ ਕਰਤੂਤ ਭਾਵੇਂ ਇਹੀ ਹੈ ਕਿ ਮੈਂ ਇਸ ਮਿਲੇ ਮੌਕੇ ਦਾ ਪੂਰਾ ਪੂਰਾ ਲਾਭ ਨਾ ਉਠਾਇਆ ਬਸ, *"ਕਿਛੁ ਰੂਪੁ ਨਹੀਂ ਕਿਛੁ ਜਾਤਿ ਨਹੀਂ ਕਿਛੁ ਢੰਗੁ ਨਾ ਮੇਰਾ॥ ਕਿਆ ਮੁਹੁ ਲੈ ਬੋਲਹ ਗੁਣ ਬਿਹੂਨ ਨਾਮੁ ਜਪਿਆ ਨ ਤੇਰਾ॥ (੧੬੭)* ਸਤਿਗੁਰ ਬਖਸ਼ਿਸ਼ ਕਰਨ, ਮੈਨੂੰ ਸੁਮਤਿ ਬਖਸ਼ਣ। ਮੇਰੀ ਮਾਏ। ਤੇਰੀ ਅਸੀਸ, ਤੇਰਾ ਪਿਆਰ ਸਦਾ ਮੇਰਾ ਮਾਰਗ ਦਰਸ਼ਕ ਕਰਦਾ ਰਹੇਗਾ। ਕੋਟਾਨ ਕੋਟ ਧੰਨਵਾਦ।

*ਮੇਰੀ ਮਾਏ!* ਸੰਸਾਰ ਨੇ ਮੈਨੂੰ ਪੁਛਿਆ, "ਤੂੰ ਵਿਆਹ ਕਿਉਂ ਨਹੀਂ ਕਰਾਇਆ?" ਕਈ ਬਹਾਨੇ ਲਾ ਕੇ ਟਾਲ ਦਿੱਤਾ। ਪਰ ਅਸਲੀਅਤ ਅੱਜ ਦੱਸਣੀ ਪਏਗੀ ਕਿ ਤੁਹਾਨੂੰ ਦਾਰ ਜੀ ਤੇ ਮੈਨੂੰ ਇਕ ਰਾਤ ਇਕੋ ਸੁਪਨਾ ਆਇਆ ਜਿਸ ਵਿਚ ਬਚਪਨ ਤੋਂ ਹੀ ਮੇਰੇ ਜੀਵਨ ਦੇ ਹਰ ਸਾਹ ਵਿਚ ਪਿਆਰ ਭਰਨ ਵਾਲੇ, ਰਾਜਯੋਗੀ, ਸਿਮਰਨ ਦੀ ਮੂਰਤਿ, ਜਿਨ੍ਹਾਂ ਨੂੰ ਪੰਥ ਨੇ ਪਹਿਲੀ ਵਾਰ ਸੰਤ ਦੀ ਉਪਾਧੀ ਦਿੱਤੀ............. ਨੇ ਦਾਰ ਜੀ ਨੂੰ ਹੁਕਮ ਦਿੱਤਾ ਕਿ ਜਸਬੀਰ ਕੌਰ ਦੇ ਵਿਆਹ ਬਾਰੇ ਸੋਚਣਾ ਵੀ ਨਹੀਂ ਕਿਉਂਕਿ ਜਤੀ ਸਤੀ ਬਿਨੁ ਦੁਨੀਆ ਨਹੀਂ ਰਹਿੰਦੀ। ਹੋਰ ਬੱਚਿਆਂ ਦੇ ਬੇਸ਼ਕ ਵਿਆਹ ਕਰ ਦਿਓ।" ਇਕੋ ਰਾਤ ਇਕੋ ਸੁਪਨਾ ਤਿੰਨਾਂ ਨੂੰ ਹੀ ਆਉਣਾ, ਇਹ ਪਰਮੇਸ਼ਰ ਜੀ ਦਾ ਪਰਤਖ ਹੁਕਮ ਸੀ ਜਿਸਨੂੰ ਤੁਸੀਂ ਸਤਬਚਨ ਕਹਿ ਕੇ ਸਦਾ ਲਈ ਇਸ 'ਤੇ ਪਹਿਰਾ ਦਿੱਤਾ ਅਤੇ ਕਦੇ ਪਛਤਾਵਾ ਵੀ ਨਹੀਂ ਕੀਤਾ। ਤੁਸੀਂ ਮੈਨੂੰ ਇਕ ਦਿਨ ਮੇਰੇ ਸੁਭਾ ਨੂੰ ਦੇਖ ਕੇ ਪੁਛਿਆ ਸੀ ਕਿ ਦੁਨੀਆਦਾਰੀ ਵਲ ਤੇਰਾ ਕਦੇ ਮਨ ਨਹੀਂ ਗਿਆ? ਮੇਰਾ ਜਵਾਬ ਸੀ ਜਿਸ ਬਲੀ ਮਹਾਂਪੁਰਸ਼ ਦਾ ਬਚਨ ਹੋਇਆ ਹੈ, ਕੀ ਉਹ ਇਸ ਮਨ ਨੂੰ ਵਿਗੜਨ ਦੇਣਗੇ, ਕਦਾਚਿਤ ਨਹੀਂ। ਹੁਕਮ ਵੀ ਉਨ੍ਹਾਂ ਦਾ ਤੇ ਰੱਖਿਆ ਵੀ ਉਨ੍ਹਾਂ ਦੀ। ਮੇਰੀ ਆਪਣੀ ਕੋਈ ਰੀਝ ਨਹੀਂ, ਕੋਈ ਸੋਚ ਨਹੀਂ। *"ਜਿਉ ਪ੍ਰੇਰੇ ਤਿਉ ਕਰਨਾ" (੭੬੮)* ਇਸ ਲਈ *"ਸੁਖ ਸੀਗਾਰ ਬਿਖਿਆ ਕੇ ਫੀਕੇ ਤਜਿ ਛੋਡੇ ਮੇਰੀ ਮਾਏ" (੪੩੧)* ਸ਼ੁਕਰ ਹੈ ਸਤਿਗੁਰੂ ਜੀ ਦਾ ਅਤੇ ਮਹਾਂਪੁਰਖਾਂ ਦਾ ਜਿਨ੍ਹਾਂ ਨੇ ਐਸਾ ਪਿਆਰ ਬਖ਼ਸ਼ਿਆ ਹੈ।

*ਮੇਰੀ ਮਾਏ!* ਸੰਤ ਬਾਬਾ ਸੁੱਚਾ ਸਿੰਘ ਜੀ ਜਵੱਦੀ ਟਕਸਾਲ ਵਾਲਿਆਂ ਪਾਸ ਰਹਿ ਸੇਵਾ ਸਿਮਰਨ ਦੇ ਜੋ ਲਾਹੇ ਲਏ ਅਤੇ ਪੰਥ ਦੀਆਂ ਮਹਾਨ ਸੇਵਾਵਾਂ ਹੋਈਆਂ, ਉਸ ਵਿਚ ਤੁਹਾਡਾ ਪੂਰਾ ਪੂਰਾ ਧਿਆਨ, ਸਹਿਯੋਗ, ਪਿਆਰ ਮੈਨੂੰ ਮਿਲਿਆ। ਮੈਨੂੰ ਤੁਸੀਂ ਰਾਤ ਘਰ ਵਾਪਸ ਆਉਣ ਤਕ ਉਡੀਕਣਾ ਅਤੇ ਜਵੱਦੀ ਵਿਖੇ ਹੋਏ ਸਾਰੇ ਦਿਨ ਦੀ ਸੇਵਾ ਦਾ ਹਾਲ ਚਾਲ ਪੁੱਛਣਾ ਅਤੇ ਜਵੱਦੀ ਟਕਸਾਲ ਦੀ ਚੜ੍ਹਦੀ ਕਲਾ ਹੁੰਦੀ ਸੁਣ ਸੁਣ ਕੇ ਖੀਵੇ ਹੋ ਹੋ ਜਾਣਾ ਅਤੇ ਫਿਰ ਬਾਬਾ ਜੀ ਲਈ ਤਹਿ ਦਿਲੋਂ ਅਰਦਾਸ ਕਰਨੀ। ਬਾਬਾ ਜੀ ਦੇ ਸੱਚਖੰਡ ਪਿਆਨੇ ਤੋਂ ਬਾਅਦ ਬਦਲਦੇ ਹਾਲਾਤਾਂ ਵਿਚ ਵੀ ਤੁਸੀਂ ਮੈਨੂੰ ਹਰ ਪ੍ਰਕਾਰ ਨਾਲ ਹੌਂਸਲਾ ਦਿੱਤਾ। ਸੇਵਾ ਦੇ ਨਵੇਂ ਖੇਤਰਾਂ ਵਿਚ ਵੀ ਮੈਨੂੰ ਹੱਲਾਸ਼ੇਰੀ

ਦਿੱਤੀ। ਤੁਸੀਂ ਮੈਨੂੰ ਸਦਾ ਉੱਚੇ ਥਾਂ ਰੱਖ ਕੇ ਮੇਰਾ ਸਤਿਕਾਰ ਕੀਤਾ, ਮੇਰਾ ਫਿਕਰ ਕੀਤਾ, ਮੈਨੂੰ ਪਿਆਰ ਦਿੱਤਾ, ਮੈਨੂੰ ਹੌਂਸਲਾ ਦਿੱਤਾ, ਇਥੋਂ ਤਕ ਕਿ ਮੈਨੂੰ ਧੀਏ, ਪੁਤਰੀਏ ਦੀ ਥਾਂ 'ਭੈਣ ਜੀ' ਕਹਿ ਕੇ ਵੀ ਪੁਕਾਰਿਆ -ਮੈਂ ਕੀ ਕਹਾਂ? ਕੀ ਲਿਖਾਂ? ਕਿਵੇਂ ਧੰਨਵਾਦ ਕਰਾਂ? ਮੇਰੀ ਝੋਲੀ ਛੋਟੀ ਸੀ, ਮੈਨੂੰ ਮਿਲਿਆ ਬਹੁਤ ਕੁਝ, ਮੈਂ ਸਭ ਕੁਝ ਸੰਭਾਲ ਸਕਾਂ, ਸਭ ਕੁਝ ਨੂੰ ਗੁਰਮਤਿ ਅਨੁਸਾਰ ਵਰਤ ਸਕਾਂ, ਜੀਵਨ ਦਾ ਲਾਹਾ ਮੈਨੂੰ ਮਿਲ ਸਕੇ, ਇਹ ਅਸੀਸ ਮੈਨੂੰ ਮਿਲਦੀ ਰਹੇ ਕਿ ਸਿਖੀ ਕੇਸਾਂ, ਸੁਆਸਾਂ ਸੰਗਿ ਨਿਭ ਜਾਏ। ਗੁਰਸ਼ਬਦ ਮੇਰਾ ਜੀਵਨ ਅਧਾਰ ਬਣਿਆ ਰਹੇ।

***ਮੇਰੀ ਅੰਮੜੀਏ!*** ਅੱਜ ਸਰੀਰ ਕਰਕੇ ਤੂੰ ਛੱਡ ਗਈ, ਪਰ ਛੱਡ ਕੇ ਨਹੀਂ ਗਈ; ਕਿਉਂਕਿ ਤੇਰੀਆਂ ਅਸੀਸਾਂ, ਪਿਆਰ, ਖਿਆਲ, ਫਿਕਰ, ਉਪਦੇਸ਼, ਪਿਆਰ, ਲੋਰੀਆਂ ਸਾਡੇ ਨਾਲ ਹਨ। ਤੇਰੇ ਬੱਚਿਆਂ ਦਾ ਵਾਅਦਾ ਹੈ ਤੇਰੀਆਂ ਪੈੜਾਂ 'ਤੇ ਅਸੀਂ ਪੈਰ ਰੱਖ ਕੇ ਤੁਰਦੇ ਰਹਾਂਗੇ। ਤੂੰ ਅਕਾਲ ਪੁਰਖ ਜੀ ਦੀ ਛਤਰ ਛਾਇਆ ਦਾ ਅਨੰਦ ਮਾਣ ਰਹੀ ਹੈਂ, ਉਹ ਆਨੰਦ ਦਾ ਕਿਣਕਾ ਮਾਤਰ ਅਸੀਂ ਵੀ ਮਾਣਦੇ ਰਹਾਂਗੇ ਤੇ ਗਾਉਂਦੇ ਰਹਾਂਗੇ :

***ਆਨੰਦ ਭਇਆ ਮੇਰੀ ਮਾਏ............***

---

*ਲੁਧਿਆਣਾ, ਮੋਬਾਇਲ: 98727 31342*

# ਕੀਰਤਨ ਸਮਾਗਮ : ਇਕ ਰਿਪੋਰਟ

## ਗੁਰਜੰਤ ਸਿੰਘ ਰਾਹੀ

ਸ੍ਰੀ ਗੁਰੂ ਰਾਮਦਾਸ ਜੀ ਦੇ ਪਾਵਨ ਪ੍ਰਕਾਸ਼ ਉਤਸਵ ਦੇ ਮੌਕੇ ਤੇ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ, ਸ੍ਰੀ ਮੰਜੀ ਸਾਹਿਬ ਦੇ ਦੀਵਾਨ ਹਾਲ ਵਿਚ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਵਿਖੇ ਸੋਦਰ ਦੇ ਪਾਠ ਤੋਂ ਬਾਅਦ ਕੀਰਤਨ ਦਰਬਾਰ ਸ਼ੁਰੂ ਹੋਇਆ, ਜਿਸ ਵਿਚ ਪਹਿਲੀ ਹਾਜ਼ਰੀ ਭਾਈ ਜਗਜੀਤ ਸਿੰਘ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਨੇ ਰਾਗ ਤੁਖਾਰੀ ਵਿਚ

*ਗੁਰਪਾਰਸ ਹਮ ਲੋਹ ਮਿਲ ਕੰਚਨ ਹੋਇਆ ਰਾਮ*

ਗਾ ਕੇ ਆਪਣੀ ਹਾਜ਼ਰੀ ਲਵਾਈ। ਬਿਲਕੁਲ ਸਾਹਮਣੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਸੱਜੇ-ਖੱਬੇ ਪਾਸੇ ਦੋ ਸਟੇਜਾਂ ਬਣਾਈਆਂ। ਇਕ ਜਥਾ ਆਪਣਾ ਗਾਇਨ ਕਰ ਰਿਹਾ ਹੁੰਦਾ ਦੂਸਰਾ ਸਟੇਜ ਤੇ ਸੁਸ਼ੋਭਿਤ ਹੁੰਦਾ। ਇਸ ਤਰ੍ਹਾਂ ਸਮਾਂ ਵਿਅਰਥ ਨਹੀਂ ਜਾਂਦਾ ਅਤੇ ਇਕ ਸੁਰਤਾ ਬਣੀ ਰਹਿੰਦੀ ਹੈ।

ਭਾਈ ਕੁਲਦੀਪ ਸਿੰਘ ਹੰਸਪਾਲ ਨੇ ਰਾਗ ਭੂਪਾਲੀ ਵਿਚ ਪੜਤਾਲ ਤਾਲ ਰੂਪਕ ਏਕਤਾਲ ਤੇ ਤੀਨ ਤਾਲ ਵਿਚ ***ਪਾਰਬ੍ਰਹਮ ਪ੍ਰਮੇਸਰ ਸੁਆਮੀ ਦੂਖ ਨਿਵਾਰਨ ਨਾਰਾਇਣ*** ਸ਼ਬਦ ਦਾ ਗਾਇਨ ਕੀਤਾ। ਰਾਗ ਦਾ ਨਿਭਾਅ ਸਰਗਮ ਤਾਨਾਂ ਬੋਲਤਾਨਾਂ ਵਧੀਆ ਰਹੀਆਂ। ਭਾਈ ਬਾਵਾ ਸਿੰਘ ਗੁਰਦਾਸਪੁਰ ਨੇ ਰਾਗ ਕਿਦਾਰ ਵਿਚ ***ਮੇਰੇ ਮਨ ਰਾਮ ਨਾਮ ਨਿਤ ਗਾਵੀਐ ਰੇ*** ਤੀਨ ਤਾਲ ਵਿਚ ਕੀਰਤਨ ਅੰਗ ਵਿਚ ਗਾ ਕੇ ਹਾਜ਼ਰੀ ਲਵਾਈ। ਸ਼ਬਦ ਵੀ ਦੇਖ ਕੇ ਪੜ੍ਹ ਰਹੇ ਸਨ ਪੰਗਤੀਆਂ ਅੱਗੇ ਪਿੱਛੇ ਹੋ ਰਹੀਆਂ ਸਨ। ਸਹਾਇਕ ਬਰਾਏ ਨਾਮ ਬਿਠਾਇਆ ਹੋਇਆ ਸੀ।

ਭਾਈ ਜਗਜੀਤ ਸਿੰਘ ਸਹਿਜਪਾਲ ਪੁੱਤਰ ਬਾਬਾ ਪਾਲਾ ਸਿੰਘ ਪਟਿਆਲੇ ਵਾਲੇ ਰਾਗ ਕਲਿਆਣ ਝਪਤਾਲ ਵਿਚ ***ਜਪ ਮਨ ਸਤਿਨਾਮ ਸਦਾ ਸਤਿਨਾਮ*** ਗਾਇਆ। ਰਾਗ ਦਾ ਨਿਭਾਅ ਤੇ ਤਬਲੇ ਦੀ ਸੰਗਤ ਵਧੀਆ ਸੀ ਸਮਾਂ ਮਿਲਣ ਤੇ ਜਿਥੇ ਪਰਨਾਂ ਵਜਾਈਆਂ ਉਥੇ ਸਾਥ ਵੀ ਵਜਾਇਆ। ਗਾਇਕਾਂ ਵਰਗਾ ਗਾਇਨ ਸੀ। ਭਾਈ ਗਗਨਦੀਪ ਸਿੰਘ ਨੇ ਰਾਗ ਕਾਨੜਾ ਵਿਚ ਪੜਤਾਲ ਗਾਈ ਦਿਲਰੁਬਾ ਅਤੇ ਤਬਲੇ ਦੀ ਸੰਗਤ ਵਧੀਆ ਰਹੀ।

ਭਾਈ ਗੁਰਮੀਤ ਸਿੰਘ ਸਾਂਤ ਨੇ ਰਾਗ ਮਾਰੂ ਵਿਚ ***ਹਓ ਰਹਿ ਨਾ ਸਕਾ ਬਿਨ ਦੇਖੇ ਪ੍ਰੀਤਮਾ*** ਸ਼ਬਦ ਦਾ ਗਾਇਨ ਝਪਤਾਲ ਵਿਚ ਕੀਤਾ। ਤਾਨਾਂ ਸਰਗਮਾਂ ਵਧੀਆ ਰਾਗ ਦਾ ਨਿਭਾਅ ਠੀਕ ਰਿਹਾ। ਇਸ ਵੇਲੇ ਤਕ ਤਕਰੀਬਨ ਸਾਰਾ ਹਾਲ ਸੰਗਤਾਂ ਨਾਲ ਭਰ ਗਿਆ ਸੀ। ਸਟੇਜ ਸਕੱਤਰ ਦੀ ਸੇਵਾ ਗਿ: ਜਗਤਾਰ ਸਿੰਘ ਜੀ ਨਿਭਾ ਰਹੇ ਸਨ। ਸਟੇਜ ਉਪਰ ਭਾਈ ਜੋਗਿੰਦਰ ਸਿੰਘ ਵੇਦਾਂਤੀ ਜਥੇਦਾਰ ਸ੍ਰੀ ਅਕਾਲ ਤਖਤ, ਗਿਆਨੀ ਗੁਰਬਚਨ ਸਿੰਘ ਗ੍ਰੰਥੀ, ਸੰਤ ਡੁਮੇਲੀ ਵਾਲੇ ਵੀ ਹੋਰ ਪਤਵੰਤਿਆਂ ਨਾਲ ਸੁਸ਼ੋਭਿਤ ਸਨ।

ਪ੍ਰੋ: ਸੁਰਜੀਤ ਸਿੰਘ ਸ਼ਹੀਦ ਸਿੱਖ ਮਿਸ਼ਨਰੀ ਕਾਲਜ ਨੇ ਰਾਗ ਕਲਿਆਣ ਵਿਚ ਤੀਨਤਾਲ ਵਿਚ ਅਤੇ ਏਕਤਾਲ ਵਿਚ ਸ਼ਬਦ ਗਾਇਆ। ਸ਼ੁਰੂ ਵਿਚ ਤਾਂ ਪ੍ਰਭਾਵ ਨਾ ਬਣਿਆ ਪਰ ਦਰੁਤ ਲੈਅ ਵਿਚ ਤਾਨਾਂ ਦਾ ਨਿਭਾ ਵਧੀਆ ਰਿਹਾ। ਤਾਨਪੁਰੇ ਲੈ ਕੇ ਨਾਲ ਵਿਦਿਆਰਥੀ ਬੈਠੇ। ਭਾਈ ਜਸਵੰਤ ਸਿੰਘ ਹਜ਼ੂਰੀ ਰਾਗੀ ਦਰਬਾਰੀ ਕਾਨੜਾ ਵਿਚ ਤੀਨ ਤਾਲ ਵਿਚ ***ਧੰਨ ਧੰਨ ਕਰਹੁ ਗੁਰ ਸਤਿਗੁਰੂ*** ਦਾ ਗਾਇਨ ਕੀਤਾ।

ਭਾਈ ਬਲਦੇਵ ਸਿੰਘ ਸ਼ਹੀਦ ਸਿੱਖ ਮਿਸ਼ਨਰੀ ਕਾਲਜ ਨੇ ਪੜਤਾਲ ਗਾ ਕੇ ਹਾਜ਼ਰੀ ਲਵਾਈ। ਪ੍ਰੋ: ਕਰਤਾਰ ਸਿੰਘ ਗੁਰਮਤਿ ਸੰਗੀਤ ਅਕੈਡਮੀ ਸ੍ਰੀ ਅਨੰਦਪੁਰ ਸਾਹਿਬ ਵਾਲਿਆਂ ਨੇ ਰਾਗ ਮਾਲੀ ਗਉੜਾ ਤਾਲ ਸਾਢੇ ਸਤ ਮਾਤਰਾਂ ਵਿਚ ਸ਼ਬਦ ਦਾ ਗਾਇਨ ਕੀਤਾ। ਪ੍ਰੋ: ਸਾਹਿਬ ਦੀ ਗੁਰਮਤਿ ਸੰਗੀਤ ਨੂੰ ਬਹੁਤ ਵੱਡੀ ਦੇਣ ਹੈ, ਗੁਰਮਤਿ ਸੰਗੀਤ ਦੇ ਅਚਾਰੀਆ ਹਨ। ਗਾਇਨ ਦੇ ਨਾਲ ਦਿਲਰੁਬਾਈ ਸੰਗਤ ਅਤੇ ਨਾਲ ਵਿਦਿਆਰਥੀਆਂ ਦਾ ਮਿਲ ਕੇ ਗਾਇਨ ਕਰਨ ਤੇ ਇਕ ਨਵਾਂ ਹੀ ਰਸ ਬਣਾ ਦਿੱਤਾ। ਭਾਵੇਂ ਸਮਾਂ ਇੰਨਾ ਨੂੰ ਵੀ ਵੀਹ ਮਿੰਟ ਮਿਲਿਆ ਸੀ ਆਪਣੇ ਸਮੇਂ ਵਿਚ ਅਜੇ ਸ਼ਬਦ ਚੱਲ ਰਿਹਾ ਸੀ ਕਿ ਸਟੇਜ ਵਲੋਂ ਇਨ੍ਹਾਂ ਨੂੰ ਸਮੇਂ ਦੀ ਘੰਟੀ ਵਜਾਈ ਗਈ। ਜਦੋਂ ਕਿ ਕਿਸੇ ਹੋਰ ਦੀ ਵਾਰੀ ਅਜਿਹਾ ਨਹੀਂ ਹੋਇਆ। ਸਰੋਤਿਆਂ ਵਿਚ ਇਸ ਦੀ ਚਰਚਾ ਰਹੀ।

ਭਾਈ ਨਰਿੰਦਰ ਸਿੰਘ ਬਨਾਰਸ ਵਾਲੇ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਰਾਗ ਬੈਰਾੜੀ ਵਿਚ ਤਾਲ ਫਰੋਦਸਤ ਵਿਚ ਸ਼ਬਦ ***ਹਰਿ ਜਨ ਰਾਮ ਨਾਮ ਗੁਣ ਗਾਵੈ*** ਦਾ

ਗਾਇਨ ਕੀਤਾ। ਰਾਗ ਦਾ ਨਿਭਾਅ ਦਿਲਰੁਬਾ ਦੀ ਅਤੇ ਤਬਲੇ ਦੀ ਸੰਗਤ ਵਧੀਆ ਰਹੀ। ਭਾਈ ਨਰਿੰਦਰ ਸਿੰਘ ਸ੍ਰੀ ਹਰਿਮੰਦਰ ਸਾਹਿਬ ਵਿਚ ਰਾਗ ਅਧਾਰਤ ਕੀਰਤਨ ਦੀ ਚੌਕੀ ਲਾਉਂਦੇ ਹਨ। ਭਾਈ ਅਮਰੀਕ ਸਿੰਘ ਜ਼ਖ਼ਮੀ ਨੇ ਸ੍ਰੀ ਰਾਗ ਵਿਚ ਸ਼ਬਦ ਗਾ ਕੇ ਹਾਜ਼ਰੀ ਲਵਾਈ। ਭਾਈ ਨਿਰਮਲ ਸਿੰਘ ਖਾਲਸਾ ਨੇ ਰਾਗ ਭੁਖਾਰੀ ਵਿਚ ***ਅੰਤਰ ਪਿਰੀ ਪਿਆਰ*** ਆੜਾਚਾਰ ਤਾਲ ਤੀਨਤਾਲ ਦਰੁਤ ਗਾਇਆ। ਰਾਗ ਦੀਆਂ ਤਾਨਾਂ ਸਰਗਮ ਅਤੇ ਨਾਲ ਸਾਰੰਗੀ ਦੀ ਸੰਗਤ ਬਹੁਤ ਵਧੀਆ ਸੀ।

ਭਾਈ ਗੁਲਬਾਗ ਸਿੰਘ ਦਵਿੰਦਰ ਸਿੰਘ ਬੋਦਲ ਨੇ ਸ੍ਰੀ ਰਾਗ ਝਪਤਾਲ ਵਿਚ ਗਾ ਕੇ ਹਾਜ਼ਰੀ ਲਵਾਈ। ਚਾਚਾ ਰੋਜ਼ੀ ਦੀ ਤਬਲੇ ਦੀ ਸੰਗਤ ਅਤੇ ਦੋਨਾਂ ਭਰਾਵਾਂ ਦੀਆਂ ਤਾਨਾਂ ਨੇ ਇਕ ਵਾਰ ਤਾਂ ਹਾਲ ਗੂੰਜਣ ਲਾ ਦਿੱਤਾ। ਸਰੋਤਿਆਂ ਦੀ ਸੁਸਤੀ ਦੂਰ ਹੋ ਗਈ।

ਅਮਰੀਕਨ ਸਿੰਘਾਂ ਦਾ ਮੀਰੀ ਪੀਰੀ ਜਥਾ ਖਾਲਸਾਈ ਲਿਬਾਸ ਵਿਚ ਛੇ ਸਿੰਘ, ਦੋ ਤਬਲੇ ਅਤੇ ਗਿਟਾਰ ਦੀ ਸੰਗਤ ਨਾਲ *ਮੇਰਾ ਮਨ ਸਾਧ ਜਨਾ ਮਿਲ ਹਰਿਆ* ਪੜਤਾਲ ਸ਼ੈਲੀ ਵਿਚ ਗਾਇਆ। ਇਕ ਤਬਲੇ ਦੀ ਸੰਗਤ ਬੀਬੀ ਕਰ ਰਹੀ ਸੀ। ਇਨ੍ਹਾਂ ਦਾ ਗਾਇਨ ਸੁਣ ਕੇ ਹੈਰਾਨੀ ਅਤੇ ਵਿਸਮਾਦ ਦਾ ਰਲਵਾਂ ਮਿਲਵਾਂ ਪ੍ਰਤੀਕਰਮ ਰਿਹਾ।

ਭਾਈ ਅਵਤਾਰ ਸਿੰਘ ਅਮਰਦੀਪ ਸਿੰਘ ਬੋਦਲ ਨੇ ***ਪੰਚੇ ਸਬਦ ਅਨਾਹਦ ਵਾਜੇ*** ਕਾਨੜਾ ਧਮਾਰ ਅੰਗ ਵਿਚ ਪੜਤਾਲ ਗਾਇਨ ਕੀਤਾ। ਤਾਨਾਂ ਅਤੇ ਅਲਾਪ ਸਰਗਮ ਤਾਨਾਂ ਤਿਆਰੀ ਵਿਚ ਗਾਈਆਂ। ਭਾਈ ਮਨਜੀਤ ਸਿੰਘ ਨੇ ਨਟ ਨਰਾਇਣ ਵਿਚ ਸ਼ਬਦ ਗਾਇਨ ਕੀਤਾ। ਦਿਲਰੁਬਾ ਦੀ ਸੰਗਤ ਵਧੀਆ ਰਹੀ। ਅੱਜ ਦੇ ਗਾਇਨ ਵਰਗਾ ਕਦੇ ਇਸਨੇ ਦਰਬਾਰ ਸਾਹਿਬ ਵਿਚ ਨਹੀਂ ਗਾਇਆ। ਦਰਬਾਰ ਸਾਹਿਬ ਵਿਚ ਜ਼ਿਆਦਾਤਰ ਗੀਤ ਹੀ ਗਾਉਂਦੇ ਹਨ। ਬੰਦਸ਼ ਨਹੀਂ ਗਾਉਂਦੇ। ਜਦੋਂ ਕਿ ਇਹ ਗਾ ਸਕਦੇ ਹਨ। ਭਾਈ ਅਵਤਾਰ ਸਿੰਘ, ਗੁਰਚਰਨ ਸਿੰਘ ਦਿੱਲੀ ਵਾਲੇ ਰਾਗ ਕਾਨੜਾ, ਚੰਨਣ ਸਿੰਘ ਮਜਬੂਰ ਨੇ ਵੀ ਰਾਗ ਕਾਨੜਾ ਗਾ ਕੇ ਹਾਜ਼ਰੀ ਲਵਾਈ। ਭਾਈ ਨਰਿੰਦਰ ਸਿੰਘ ਸ਼ਾਹਕੋਟ ਨੇ ਸੋਰਠ ਵਿਚ ਗਾਇਨ ਕੀਤਾ। ਭਾਈ ਅਵਤਾਰ ਸਿੰਘ ਹੁਸ਼ਿਆਰਪੁਰ ਵਾਲਿਆਂ ਮਲ੍ਹਾਰ ਵਿਚ ਵਿਚ ਪੜਤਾਲ ਗਾਈ । ਤਬਲੇ ਦੀ ਸੰਗਤ ਭਾਈ ਕੈਲਾਸ਼ ਸਿੰਘ ਨੇ ਕੀਤੀ। ਭਾਈ ਚਰਨਜੀਤ ਸਿੰਘ ਪਟਿਆਲਾ ਨੇ ਗਉੜੀ ਬੈਰਾਗਣ ਗਾ ਕੇ ਹਾਜ਼ਰੀ ਲਵਾਈ।

ਸੰਗਤਾਂ ਨੇ ਪੂਰਾ ਸਮਾਂ ਕੀਰਤਨ ਦਾ ਆਨੰਦ ਮਾਣਿਆ। ਬਹੁਤ ਸਾਰੇ ਰਾਗੀ ਜਥਿਆਂ ਨੇ ਆਪਣੇ ਨਾਲ ਤੰਤੀ ਸਾਜ, ਦਿਲਰੁਬਾ, ਮਿਊਰ ਵੀਣਾ, ਅਤੇ ਸਾਰੰਗੀ ਦੀ ਸੰਗਤ ਕਰਨ ਲਈ ਖਾਸ ਤੌਰ ਤੇ ਨਾਲ ਲਿਆਂਦੇ ਗਏ। ਜਿਸ ਨਾਲ ਗੁਰਬਾਣੀ ਕੀਰਤਨ ਹੋਰ ਆਨੰਦ ਮਈ ਹੋ ਗਿਆ। ਤੰਤੀ ਸਾਜਾਂ ਨਾਲ ਕੀਰਤਨ ਕਰਨ ਦੀ ਪ੍ਰੰਪਰਾ ਨੂੰ ਮੁੜ ਸੁਰਜੀਤ ਕਰਨ ਦੀ ਲੋੜ ਹੈ। ਸਾਰਿਆਂ ਪੱਖਾਂ ਤੋਂ ਇਹ ਕੀਰਤਨ ਦਰਬਾਰ ਸ.ਫ਼ਲ ਰਿਹਾ।

---

ਗੁਰਮਤਿ ਸੰਗੀਤ ਵਿਦਿਆਲਾ, ਗਿਆਨੀ ਦਿੱਤ ਸਿੰਘ ਕਲੋਨੀ, ਨਨਕਾਣਾ ਸਾਹਿਬ ਰੋਡ, ਸੰਗਰੂਰ

# ਗੁਰੂ ਨਾਨਕ ਪ੍ਰਕਾਸ਼ ਗੁਰਪੁਰਬ ਦੇ ਵਿਦੇਸ਼ੋਂ ਦੀਦਾਰ

## ਹਰਜਾਪ ਸਿੰਘ

ਵਿਗਆਨਕ ਅਨੁਸੰਧਾਨ ਬੜੀ ਤੇਜ਼ੀ ਨਾਲ ਜਨਜੀਵਨ ਨੂੰ ਮੁਤਅਾਸਰ ਕਰਦਾ ਜਾ ਰਿਹਾ ਹੈ। 1947 ਵਿਚ ਪੰਜਾਬ ਦਾ ਬਟਵਾਰਾ ਹੋਇਆ, ਪੰਜਾਬ ਦਾ ਇਕੋ ਇਕ ਤਤਕਾਲੀਨ ਰੇਡੀਓ ਸਟੇਸ਼ਨ ਲਾਹੌਰ ਪਾਕਿਸਤਾਨ ਦੇ ਹਿੱਸੇ ਵਿਚ ਆ ਗਿਆ। ਸ਼ਰਨਾਰਥੀਆਂ ਦੇ ਆਪਸ ਵਿਚ ਮੇਲ ਮਿਲਾਪ ਦਾ ਇਕੋ ਇਕ ਸੌਖਾ ਸਾਧਨ ਰੇਡੀਓ ਸੀ, ਜੋ ਪੂਰਬੀ ਪੰਜਾਬ ਵਿਚ ਉਪਲਬਧ ਨਹੀਂ ਸੀ। ਇਸ ਘਾਟ ਨੂੰ ਪੂਰਾ ਕਰਨ ਦੀ ਖਾਤਰ ਛੇਤੀ ਛੇਤੀ ਅੰਮ੍ਰਿਤਸਰ ਅਤੇ ਜਲੰਧਰ ਵਿਚ ਦੋ ਛੋਟੇ ਛੋਟੇ ਟਰਾਂਸਮਿਟਰ ਲਗਾਏ ਗਏ ਜੋ 1948 ਤੋਂ ਹੀ ਸੇਵਾ ਕਰਨ ਲੱਗ ਪਏ।

ਉਨ੍ਹਾਂ ਦਿਨਾਂ ਵਿਚ ਸਵਰਗਵਾਸੀ ਸਰਦਾਰ ਜੋਧ ਸਿੰਘ ਰੇਡੀਓ ਤੇ ਦੇਹਾਤੀ ਪ੍ਰੋਗਰਾਮ ਦੇ ਸੰਚਾਲਕ ਸਨ। ਇਕ ਦਿਨ ਉਨ੍ਹਾਂ ਨੂੰ ਇਕ ਫੁਰਨਾ ਫੁਰਿਆ। ਉਨ੍ਹਾਂ ਨੇ ਇਕ ਆਰਜ਼ੀ ਟੈਲੀਫੋਨ ਲਾਈਨ ਸ੍ਰੀ ਦਰਬਾਰ ਸਾਹਿਬ ਵਿਚ ਇਕ ਦੋ ਦਿਨਾਂ ਵਾਸਤੇ ਲਗਵਾਈ। ਇਸ ਟੈਲੀਫੋਨ ਲਾਈਨ ਨੂੰ ਸ੍ਰੀ ਦਰਬਾਰ ਸਾਹਿਬ ਵਿਚ ਕੀਰਤਨ ਕਰਨ ਵਾਲੇ ਮਾਈਕਰੋਫੋਨਾਂ ਦੇ ਨਾਲ ਜੋੜਿਆ। ਇਕ ਦਿਨ ਪਹਿਲਾਂ ਸ਼ਬਦ ਕੀਰਤਨ ਦੇ ਦੌਰਾਨ ਰੇਡੀਓ ਸਟੇਸ਼ਨ ਅਤੇ ਸ੍ਰੀ ਦਰਬਾਰ ਸਾਹਿਬ ਵਿਖੇ ਕੀਰਤਨ ਦੇ ਦਰਮਿਆਨ ਟੈਲੀਫੋਨ ਸੰਪਰਕ ਦੀ ਜਾਂਚ ਕੀਤੀ ਗਈ। ਪ੍ਰਯੋਗ ਕਾਮਯਾਬ ਰਿਹਾ। ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਗੁਰਪੁਰਬ ਸਮੇਂ ਆਸਾ ਦੀ ਵਾਰ ਦੇ ਤੜਕੇ ਛੇ ਵਜੇ ਦੇ ਦਰਮਿਆਨ ਹੋ ਰਹੇ ਕੀਰਤਨ ਦਾ ਸਿੱਧਾ ਪ੍ਰਸਾਰਨ 1948 ਦੇ ਨਵੰਬਰ ਮਹੀਨੇ ਗੁਰਪੁਰਬ ਵਾਲੇ ਦਿਨ ਹੋਇਆ। ਇਸ ਕਾਮਯਾਬੀ ਤੋਂ ਬਾਅਦ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਗੁਰਪੁਰਬ ਸਮੇਂ ਵੀ ਸ੍ਰੀ ਦਰਬਾਰ ਸਾਹਿਬ ਤੋਂ ਆਸਾ ਦੀ ਵਾਰ ਦੇ ਕੀਰਤਨ ਦਾ ਸਿੱਧਾ ਪ੍ਰਸਾਰਨ ਹੋਇਆ। ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਗੁਰਪੁਰਬ ਤੇ ਸ੍ਰੀ ਦਰਬਾਰ ਸਾਹਿਬ ਤਰਨਤਾਰਨ ਤੋਂ ਆਸਾ ਦੀ ਵਾਰ ਦਾ ਪ੍ਰਸਾਰਨ ਹੋਣਾ ਵੀ ਸ਼ੁਰੂ ਹੋ ਗਿਆ। ਇਸੇ ਹੀ ਤਰ੍ਹਾਂ ਗੁਰੂ ਤੇਗ ਬਹਾਦਰ ਜੀ ਦੇ ਸ਼ਹੀਦੀ ਗੁਰਪੁਰਬ ਸਮੇਂ ਵੀ ਗੁਰਦੁਆਰਾ ਦੁਖ ਨਿਵਾਰਨ ਸਾਹਿਬ ਪਟਿਆਲਾ ਤੋਂ ਸਿੱਧਾ ਪ੍ਰਸਾਰਨ ਰਾਤ ਦੀ ਸਭਾ ਵਿਚ ਹੋਣਾ ਸ਼ੁਰੂ ਹੋਇਆ।

1980 ਤੋਂ 1984 ਦੇ ਦਰਮਿਆਨ ਸਿੱਖਾਂ ਦੀ ਜਦੋ ਜਹਿਦ ਸਮੇਂ ਇਕ ਮੰਗ ਇਹ ਵੀ ਸੀ ਕਿ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਤੋਂ ਰੋਜ਼ਾਨਾ ਸ਼ਬਦ ਕੀਰਤਨ ਦਾ ਪ੍ਰਸਾਰਨ ਰੇਡੀਓ ਰਾਹੀਂ ਕੀਤਾ ਜਾਵੇ। ਸਾਕਾ ਨੀਲਾ ਤਾਰਾ ਤੋਂ ਕੁਝ ਹੀ ਦਿਨ ਬਾਅਦ ਅਕਾਸ਼ਬਾਣੀ ਜਲੰਧਰ ਦੁਆਰਾ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ ਹੁੰਦੇ ਸ਼ਬਦ ਕੀਰਤਨ ਦਾ ਸਿੱਧਾ ਪ੍ਰਸਾਰਨ ਤੜਕੇ 4 ਵਜੇ ਤੋਂ ਸਵੇਰੇ 6 ਵਜੇ ਤਕ ਰੋਜ਼ਾਨਾ ਨਸ਼ਰ ਹੋਣਾ ਸ਼ੁਰੂ ਹੋ ਗਿਆ। ਅੱਜ ਕਲ੍ਹ ਸ਼ਾਮ ਨੂੰ ਵੀ ਇਕ ਘੰਟੇ ਵਾਸਤੇ ਕੀਰਤਨ ਪ੍ਰਸਾਰਨ ਸਿੱਧਾ ਸ੍ਰੀ ਦਰਬਾਰ ਸਾਹਿਬ ਤੋਂ ਅਕਾਸ਼ਬਾਣੀ ਦੁਆਰਾ ਕੀਤਾ ਜਾ ਰਿਹਾ ਹੈ।

ਜਦੋਂ ਦੇ ਟੈਲੀਵਿਜ਼ਨ ਦੇ ਪ੍ਰਾਈਵੇਟ ਚੈਨਲ ਸ਼ੁਰੂ ਹੋਏ ਉਦੋਂ ਤੋਂ ਹੀ ਟੀਵੀ ਪ੍ਰਸਾਰਨਾਂ ਵਿਚ ਭਿੰਨਤਾ ਆਉਣੀ ਸ਼ੁਰੂ ਹੋ ਗਈ ਹੈ। ਈਟੀਸੀ ਪੰਜਾਬੀ ਚੈਨਲ ਨੇ ਹਰ ਰੋਜ਼ 6 ਤੋਂ 8 ਘੰਟਿਆਂ ਵਾਸਤੇ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਤੋਂ ਹੁੰਦਾ ਸ਼ਬਦ ਕੀਰਤਨ ਪ੍ਰਸਾਰਨ ਕਰਨਾ ਸ਼ੁਰੂ ਕਰ ਦਿੱਤਾ ਹੈ। ਜੀ ਟੀਵੀ ਨੇ ਵੀ ਆਪਣੀ ਅਲਫਾ ਪੰਜਾਬੀ ਚੈਨਲ ਨੂੰ ਹੋਰ ਮਕਬੂਲ ਕਰਨ ਵਾਸਤੇ ਈਟੀਸੀ ਪੰਜਾਬੀ ਚੈਨਲ ਨਾਲ ਮਿਲਕੇ ਜੀ ਟੀਵੀ ਦੇ ਮਾਧਿਅਮ ਰਾਹੀਂ ਇਸ ਕੀਰਤਨ ਦਾ ਪ੍ਰਸਾਰਨ ਸ਼ੁਰੂ ਕਰ ਦਿੱਤਾ ਹੈ। ਮੱਧ ਪੂਰਬ ਅਤੇ ਯੂਰਪ ਵਿਚ ਕਈ ਸਾਲਾਂ ਤੋਂ ਈਟੀਸੀ ਅਲਫਾ ਪੰਜਾਬੀ ਦਾ ਚੈਨਲ ਉਪਲਬਧ ਹੈ। ਇਸ ਮਾਧਿਅਮ ਦੁਆਰਾ ਅਨੇਕਾਂ ਦੇਸ਼ਾਂ ਵਿਚ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦਾ ਸ਼ਬਦ ਕੀਰਤਨ ਵੇਖਿਆ ਅਤੇ ਸੁਣਿਆ ਜਾ ਰਿਹਾ ਹੈ। ਇਸ ਤਰ੍ਹਾਂ ਦੂਰ ਦੁਰਾਡੇ ਬੈਠੇ ਵੀ ਲੋਕ ਸ੍ਰੀ ਦਰਬਾਰ ਸਾਹਿਬ ਤੋਂ ਪ੍ਰਸਾਰਿਤ ਸ਼ਬਦ ਕੀਰਤਨ ਦਾ ਅਨੰਦ ਪ੍ਰਾਪਤ ਕਰ ਸਕਦੇ ਹਨ।

ਅਮਰੀਕਾ ਵਿਚ ਈਟੀਸੀ ਅਲਫਾ ਪੰਜਾਬੀ ਟੀਵੀ ਚੈਨਲ 2005 ਦੀ ਗਰਮੀਆਂ ਦੀ ਰੁੱਤੇ ਪਹੁੰਚ ਚੁੱਕਾ ਹੈ। ਇਸ ਚੈਨਲ ਦੇ ਤੇਜੀ ਨਾਲ ਪਸਾਰ ਦਾ ਮੁੱਖ ਕਾਰਨ ਇਸ ਦੁਆਰਾ ਪ੍ਰਸਾਰਿਤ ਸ਼ਬਦ ਕੀਰਤਨ ਦਾ ਪ੍ਰੋਗਰਾਮ ਹੈ ਜੋ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਤੋਂ ਹਰ ਰੋਜ਼ ਕੀਤਾ ਜਾਂਦਾ ਹੈ। ਈਟੀਸੀ ਅਲਫਾ ਪੰਜਾਬੀ ਚੈਨਲ ਹਰ ਰੋਜ਼ 8 ਘੰਟਿਆਂ

ਵਾਸਤੇ ਸ੍ਰੀ ਦਰਬਾਰ ਸਾਹਿਬ ਵਿਖੇ ਪ੍ਰਸਤੁਤ ਸ਼ਬਦ ਕੀਰਤਨ ਦੇ ਅਮਰੀਕਨ ਪ੍ਰਸਾਰਨ ਦਾ ਪ੍ਰਾਵਧਾਨ ਕਰਦੀ ਹੈ। ਆਪਣੇ ਵਤਨੋਂ 10 ਹਜ਼ਾਰਾਂ ਮੀਲ ਦੂਰ ਬੈਠੇ ਸਿੱਖਾਂ ਵਾਸਤੇ ਇਹ ਇਕ ਵਰਦਾਨ ਹੈ।

ਐਸ ਵਾਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਗੁਰਪੁਰਬ ਮੰਗਲਵਾਰ 15 ਨਵੰਬਰ ਨੂੰ ਸੀ। ਸ੍ਰੀ ਦਰਬਾਰ ਸਾਹਿਬ ਦੇ ਪਾਵਨ ਪਰੀਸਰ ਵਿਚ ਦੀਪਮਾਲਾ ਇਕ ਦਿਨ ਪਹਿਲਾਂ ਹੀ ਕਰ ਦਿੱਤੀ ਗਈ ਸੀ। ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਵਿਚ ਅਨੋਖੀ ਦੀਪਮਾਲਾ ਦੇ ਦੀਦਾਰੇ ਇਕ ਦਿਨ ਪਹਿਲਾਂ ਵੇਖਣ ਨੂੰ ਮਿਲ ਗਏ। ਇੰਝ ਜਾਪਦਾ ਸੀ ਜਿਵੇਂ *ਮਿਟੀ ਧੁੰਦ ਜਗੁ ਚਾਨਣੁ ਹੋਆ* ।

ਗੁਰਪੁਰਬ ਤੋਂ ਇਕ ਦਿਨ ਪਹਿਲਾਂ ਦਰਸ਼ਕਾਂ ਨੂੰ ਸੂਚਿਤ ਕੀਤਾ ਗਿਆ ਕਿ ਦਿੱਲੀ ਦੇ ਮੁੱਖ ਪ੍ਰੋਗਰਾਮ ਗੁਰਦੁਆਰਾ ਸ੍ਰੀ ਰਕਾਬਗੰਜ ਨਾਲ ਸਟੇ ਲੱਖੀ ਸ਼ਾਹ ਵਣਜਾਰਾ ਹਾਲ ਵਿਖੇ ਹੋ ਰਹੇ ਹਨ ਅਤੇ ਉਨ੍ਹਾਂ ਦਾ ਸਿੱਧਾ ਪ੍ਰਸਾਰਨ ਦੁਪਹਿਰ ਤੋਂ ਪਹਿਲਾਂ 11.30 ਵਜੇ ਤੋਂ 2.30 ਵਜੇ ਤੱਕ ਦਿੱਲੀ ਤੋਂ ਵੀ ਕੀਤਾ ਜਾਵੇਗਾ। ਮਨ ਵਿਚ ਉਤਸੁਕਤਾ ਸੀ ਕਿ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਅਤੇ ਗੁਰਦੁਆਰਾ ਸ੍ਰੀ ਰਕਾਬਗੰਜ ਸਾਹਿਬ ਦਿੱਲੀ ਦੇ ਸਮਾਰੋਹ ਟੈਲੀਵਿਜ਼ਨ ਰਾਹੀਂ ਵੇਖੇ ਜਾਣ।

ਇਸ ਲੇਖਕ ਨੇ ਤੜਕੇ 5 ਵਜੇ ਤੋਂ ਟੈਲੀਵਿਜ਼ਨ ਰਾਹੀਂ ਗੁਰਪੁਰਬ ਦੇ ਦੀਦਾਰੇ ਕੀਤੇ। ਸਵੇਰੇ 7 ਵਜੇ ਤੱਕ ਗੁਰਪੁਰਬ ਦੀ ਪੂਰਬ ਸੰਧਿਆ ਦਾ ਸ਼ਾਮ ਦਾ ਪ੍ਰੋਗਰਾਮ ਪੇਸ਼ ਕੀਤਾ ਗਿਆ। ਖ਼ਬਰਾਂ ਦੇ ਵਕਫੇ ਤੋਂ ਬਾਅਦ ਸਵੇਰੇ 7.30 ਤੋਂ ਤੜਕੇ ਚਾਰ ਵਜੇ ਤੋਂ ਸਵੇਰ ਅੱਠ ਵਜੇ ਤਕ ਦਾ ਰਿਕਾਰਡ ਪ੍ਰੋਗਰਾਮ ਸਵੇਰ 11.30 ਵਜੇ ਤੱਕ ਪ੍ਰਸਾਰਿਤ ਕੀਤਾ ਗਿਆ।

ਸੱਚਖੰਡ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ ਦੀਪਮਾਲਾ ਦਾ ਕੋਈ ਮੁਕਾਬਲਾ ਨਹੀਂ। ਪਰ ਆਸਾ ਦੀ ਵਾਰ ਪ੍ਰਸਤੁਤ ਕਰਨ ਵਾਲੇ ਰਾਗੀ ਸਿੰਘ ਪ੍ਰਤੀਭਾ ਦੇ ਪੱਖ ਤੋਂ ਮੌਕੇ ਦੇ ਮੁਤਾਬਕ ਯੋਗ ਨਹੀਂ ਸਨ। ਅਵਾਜ਼ ਥਿੜਕ ਰਹੀ ਸੀ, ਜਿਸ ਦਾ ਭਾਵ ਇਹ ਹੈ ਕਿ ਗੁਰਮਤਿ ਸੰਗੀਤ ਉਪਰ ਉਨ੍ਹਾਂ ਦੀ ਪਕੜ ਬਹੁਤ ਢਿੱਲੀ ਹੈ ਅਤੇ ਰਿਆਜ਼ ਦੀ ਕਮੀ ਹੈ। ਸਵੇਰੇ 6 ਵਜੇ ਤੋਂ ਬਾਅਦ 8 ਵਜੇ ਤੱਕ ਕੀਰਤਨ ਕਰਨ ਵਾਲੇ ਰਾਗੀ ਸਿੰਘ ਤਾਂ ਗੁਰਮਤਿ ਸੰਗੀਤ ਦੀ ਸੂਖਮ ਕਲਾ ਤੋਂ ਬਿਲਕੁਲ ਹੀ ਬੇਖਬਰ ਸਨ। ਸ੍ਰੀ ਦਰਬਾਰ ਸਾਹਿਬ ਦੇ ਪ੍ਰਬੰਧਕਾਂ ਅਤੇ ਸ਼ਿਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਸਨਿਮਰ ਬੇਨਤੀ ਹੈ ਕਿ ਗੁਰੂ ਨਾਨਕ ਪ੍ਰਕਾਸ ਗੁਰਪੁਰਬ ਜਹੇ ਵਰ੍ਹੇ ਦਿਨਾਂ ਦੇ ਦਿਨ ਨੂੰ ਤਾਂ ਅਜਿਹੀ ਕੁਤਾਹੀ ਨਾ ਕੀਤਾ ਕਰਨ।

ਸਵੇਰੇ 11.30 ਵਜੇ ਦਾ ਪੰਜਾਬੀ ਖਬਰਾਂ ਦਾ ਬੁਲੇਟਿਨ ਨਸ਼ਰ ਨਹੀਂ ਕੀਤਾ ਗਿਆ। ਉਸਦੀ ਬਜਾਏ ਨਵੀਂ ਦਿੱਲੀ ਦੇ ਗੁਰਦੁਆਰਾ ਸ੍ਰੀ ਰਕਾਬਗੰਜ ਸਾਹਿਬ ਦੇ ਆਂਗਣ ਵਿਚ ਸਥਿਤ ਲੱਖੀ ਸ਼ਾਹ ਵਣਜਾਰਾ ਹਾਲ ਤੋਂ ਰਾਤ ਦੇ 9 ਵਜੇ 12 ਵਜੇ ਤੱਕ ਦਾ ਪ੍ਰੋਗਰਾਮ ਸਿੱਧਾ ਨਸ਼ਰ ਕੀਤਾ ਗਿਆ। ਰਾਗੀ ਸਿੰਘਾਂ ਦੀ ਚੋਣ ਕਰਦੇ ਸਮੇਂ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧਕਾਂ ਨੇ ਬੜੀ ਸੋਚ ਸਮਝ ਤੋਂ ਕੰਮ ਲਿਆ। ਗੁਰਮਤਿ ਸੰਗੀਤ ਮਾਰਤੰਡ ਭਾਈ ਸਾਹਿਬ ਭਾਈ ਬਲਬੀਰ ਸਿੰਘ ਜੀ ਭੂਤਪੂਰਵਕ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਇਸ ਸਮਾਰੋਹ ਦੇ ਪ੍ਰਮੁੱਖ ਕੀਰਤਨੀਏ ਸਨ। ਉਨ੍ਹਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰਾਗ ਕਾਨੜਾ ਵਿਚ ਰਾਗ ਦਾ ਅਲਾਪ ਤੋਂ ਸ਼ੁਰੂ ਹੋ ਕੇ ਵਿਲੰਭਿਤ ਅਤੇ ਧਰੁੱਤ ਲੈਅ ਤੱਕ ਸੰਪੂਰਨ ਸਰੂਪ ਬੰਨ੍ਹਿਆ। ਵੱਡੀ ਉਮਰ ਦੇ ਬਾਵਜੂਦ ਗਾਇਨ ਵਿਚ ਜਵਾਨੀ ਅਤੇ ਰਵਾਨੀ ਸੀ। ਸ੍ਰੀ ਦਰਬਾਰ ਸਾਹਿਬ ਦੇ ਹੀ ਇਕ ਹੋਰ ਰਾਗੀ ਭਾਈ ਸਰਬਜੀਤ ਸਿੰਘ ਦੇ ਜਥੇ ਨੇ ਵੀ ਬੜਾ ਹੀ ਮਨੋਹਰ ਕੀਰਤਨ ਕੀਤਾ। ਪਰ ਰਾਤ ਦੀ ਆਤਿਸ਼ਬਾਜੀ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੀ ਵਧੇਰੇ ਪ੍ਰਭਾਵਸ਼ਾਲੀ ਰਹੀ। ਇੰਝ ਅਸੀਂ ਅਮਰੀਕਾ ਵਿਚ ਗੁਰਪੁਰਬ ਮਨਾਇਆ।

*16, Junction Pond Lane, Monmouth Junction, NJ 08852, USA*

# ਰਾਗ ਵਿਵਰਨ-ਰਾਗੁ ਦੇਵਗੰਧਾਰੀ

ਪ੍ਰੋ. ਕਰਤਾਰ ਸਿੰਘ

ਹਿੰਦੁਸਤਾਨੀ ਸੰਗੀਤ ਪੱਧਤੀ ਵਿਚ ਰਾਗ ਦੇਵਗੰਧਾਰ ਤੇ ਰਾਗ ਗੰਧਾਰੀ ਇਹ ਦੋਵੇਂ ਰਾਗ ਕਠਿਨ ਤੇ ਅਪ੍ਰਚਲਿਤ ਰਾਗਾਂ ਦੀ ਸ਼੍ਰੇਣੀ ਵਿਚ ਆਉਂਦੇ ਹਨ। ਪਰ ਰਾਗ ਦੇਵਗੰਧਾਰੀ ਦਾ ਜ਼ਿਕਰ ਨਹੀਂ ਮਿਲਦਾ। ਰਾਗ ਦੇਵਗੰਧਾਰ ਦਾ ਪੰਡਿਤ ਅੱਪਾ ਤੁਲਸੀ ਦੁਆਰਾ ਰਚਿਤ ਗ੍ਰੰਥ 'ਰਾਗ ਕਲਪਦੁਰਮਾਂਕੁਰੇ' ਸਲੋਕ ਨੰ: ੩੫ ਤੇ 'ਰਾਗ ਚੰਦ੍ਰਿਕਾਸਾਰ' ਸਲੋਕ ਨੰ: ੩੪ ਅਨੁਸਾਰ ਵਰਨਣ ਮਿਲਦਾ ਹੈ। ਪੰਡਿਤ ਭਾਤਖੰਡੇ ਜੀ ਨੇ ਵੀ 'ਅਭਿਨਵ ਰਾਗ ਮੰਜਰੀ' ਦੇ ਸਲੋਕ ਨੰ: ੧੯੩ ਵਿਚ ਇਸ ਰਾਗ ਦਾ ਵਰਨਣ ਦਿੱਤਾ ਹੈ। ਲੋਚਨ ਪੰਡਿਤ ਨੇ ਵੀ 'ਰਾਗ ਤਰੰਗਣੀ' (੧੫ਵੀਂ ਸ਼ਤਾਬਦੀ) ਵਿਚ ਮਾਲਵਗੌਡ ਮੇਲ ਤੋਂ ਦੇਵਗੰਧਾਰ ਨੂੰ ਜਨਯ ਰਾਗ ਮੰਨਿਆ ਹੈ, ਫਿਰ 'ਰਾਗ ਮਾਲਾ' ਵਿਚ ਉਨ੍ਹਾਂ ਸ੍ਰੀ ਰਾਗ ਦਾ ਦੇਵਗੰਧਾਰ ਨੂੰ ਪੁੱਤਰ ਮੰਨਿਆ ਹੈ। ਉਨ੍ਹਾਂ 'ਰਾਗਮੰਜਰੀ' ਵਿਚ ਮਾਲਵ ਕੈਸ਼ਿਕ ਮੇਲ ਤੋਂ ਦੇਵ ਗੰਧਾਰ ਜਨਯ ਰਾਗ ਮੰਨਿਆ ਹੈ। ਸ੍ਰੀਕੰਠ ਨੇ 'ਰਸ-ਕੌਮੁਦੀ' ਵਿਚ ਸ੍ਰੀ ਮੇਲ ਦਾ ਦੇਵਗੰਧਾਰ ਜਨਕ ਰਾਗ ਮੰਨਿਆ ਹੈ। ਪੰਡਿਤ ਭਾਵਭੱਟ ਨੇ ਆਪਣੇ ਗ੍ਰੰਥ 'ਸਵਰਮੇਲਕਲਾਨਿਧੀ' (੧੬ਵੀਂ ਸ਼ਤਾਬਦੀ) ਵਿਚ ਸ੍ਰੀ ਮੇਲ ਤੋਂ ਰਾਗ ਦੇਵਗੰਧਾਰ ਦੀ ਉਤਪਤੀ ਮੰਨੀ ਹੈ। ਪੰਡਿਤ ਸੋਮਾਨਾਥ ਨੇ 'ਰਾਗ ਵਿਬੋਧ' (੧੬ਵੀਂ ਸ਼ਤਾਬਦੀ) ਵਿਚ ਮਾਲਵ ਗੌਡ ਮੇਲ ਤੋਂ ਦੇਵਗੰਧਾਰ ਦੀ ਉਤਪਤੀ ਮੰਨੀ ਹੈ। ਪੰਡਿਤ ਵਿਅੰਕਟਮੁਖੀ ਨੇ 'ਚਤੁਰਦੰਡਪ੍ਰਕਾਸ਼ਿਕਾ' (੧੭ਵੀਂ ਸ਼ਤਾਬਦੀ) ਵਿਚ ਸ੍ਰੀ ਰਾਗ ਮੇਲ ਜਨਕ ਤੋਂ ਦੇਵਗੰਧਾਰ ਨੂੰ ਜਨਯ ਰਾਗ ਮੰਨਿਆ ਹੈ। ਤਜੌਰ ਦੇ ਮਹਾਰਾਜਾ ਤੁਲਾਜੀਰਾਵ ਭੌਂਸਲੇ ਨੇ ਆਪਣੇ ਗ੍ਰੰਥ 'ਸੰਗੀਤ ਸਾਰਾਮ੍ਰਿਤ' (੧੭੯੩) ਵਿਚ ਸ੍ਰੀਮੇਲ ਤੋਂ ਦੇਵਗੰਧਾਰ ਨੂੰ ਜਨਯ ਰਾਗ ਮੰਨਿਆ ਹੈ। 'ਰਾਗ ਵਿਯਾਕਰਨ' ਦੇ ਕਰਤਾ ਸ੍ਰੀ ਵਿਮਲਾਕਾਂਤ ਰਾਏ ਚੌਧਰੀ ਨੇ ਆਪਣੇ ਗ੍ਰੰਥ ਵਿਚ ਦੇਵ ਗੰਧਾਰ ਦੇ ਤਿੰਨ ਸਰੂਪ ਦਿੱਤੇ ਹਨ, ਪਹਿਲੇ ਵਿਚ ਜਾਤੀ ਔੜਵ ਵਕਰ ਸੰਪੂਰਨ, ਵਾਦੀ ਗੰਧਾਰ ਸੰਵਾਦੀ ਨਿਸ਼ਾਦ, ਆਰੋਹ, ਸ ਗੁ ਮ ਪ ਨੁ ਸਂ ਅਵਰੋਹ- ਸਂ ਨੁ ਧੁ ਪ ਮ ਪ ਗੁ ਰ ਸ। ਦੂਜੇ ਸਰੂਪ ਵਿਚ ਜਾਤੀ ਵਕਰ ਸੰਪੂਰਨ, ਵਾਦੀ ਪੰਚਮ ਸੰਵਾਦੀ ਸ਼ੜਜ ਹੈ। ਆਰੋਹ- ਸ ਰ ਗ ਮ ਪ ਧੁ ਨੁ ਸਂ ਅਵਰੋਹ- ਸਂ ਨੁ ਧੁ ਪ ਮ ਪ ਗੁ ਰ ਗੁ ਸ। ਤੀਜਾ ਸਰੂਪ ਗੰਧਾਰੀ ਦਾ ਹੀ ਹੈ। ਰਾਗ ਦੇਵਗੰਧਾਰ ਦਾ ਅੱਜ ਪ੍ਰਚਲਿਤ ਸਰੂਪ ਦ੍ਵੈ ਗੰਧਾਰ ਵਾਲਾ ਹੈ ਭਾਵ ਦੋਵੇਂ ਗੰਧਾਰ ਪ੍ਰਯੋਗ ਹੁੰਦੇ ਹਨ ਤੇ ਆਸਾਵਰੀ ਅੰਗ ਦਾ ਇਹ ਰਾਗ ਹੈ। ਇਸ ਦਾ ਆਰੋਹ - ਸ ਰ ਮ ਪ ਧੁ ਮ, ਪ ਧੁ ਨੁ ਸਂ ਅਵਰੋਹ- ਸਂ ਨੁ ਧੁ ਪ ਮ ਪ, ਗੁ ਰ ਸ, ਰ ਨ਼ੁ ਸ ਰ ਗ ਮ, ਪ ਮ ਗੁ ਰ ਸ। ਰਾਗ ਗੰਧਾਰੀ ਵੀ ਆਸਾਵਰੀ ਅੰਗ ਦਾ ਹੀ ਰਾਗ ਹੈ ਤੇ ਦੋਨੋਂ ਰਿਸ਼ਭ ਪ੍ਰਯੋਗ ਹੁੰਦੇ ਹਨ। ਆਰੋਹ ਸ ਰ ਮ ਪ ਧੁ ਮ, ਪ ਧੁ ਨ ਸਂ। ਸਂ ਨੁ ਧੁ ਪ, ਮ ਪ ਗੁ ਰੁ ਸ। ਪਰ ਰਾਗ ਦੇਵਗੰਧਾਰੀ ਦਾ ਵਰਨਣ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਵੀ ਉਪਲਭਧ ਹੈ। ਤਿੰਨ ਗੁਰ ਵਿਅਕਤੀਆਂ ਗੁਰੂ ਰਾਮਦਾਸ, ਗੁਰੂ ਅਰਜੁਨ ਦੇਵ ਤੇ ਗੁਰੂ ਤੇਗ ਬਹਾਦਰ ਜੀ ਨੇ ਇਸ ਰਾਗ ਵਿਚ ਬਾਣੀ ਦੀ ਰਚਨਾ ਕੀਤੀ ਹੈ।

ਗੁਰਮਤਿ ਸੰਗੀਤ ਦੇ ਖੋਜੀਆਂ ਵਿਚੋਂ ਸ੍ਰੀਮਾਨ ਭਾਈ ਸਾਹਿਬ ਡਾਕਟਰ ਵੀਰ ਸਿੰਘ ਦੀ 'ਗੁਰਮਤ ਸੰਗੀਤ ਪਰ ਹੁਣ ਤੀਕ ਮਿਲੀ ਖੋਜ' ਪੰਨਾ ੨੫ ਅਨੁਸਾਰ ਦੇਵਗੰਧਾਰੀ ਗੁਰਮਤ ਸੰਗੀਤ ਅਨੁਸਾਰ ਮਾਲਕੌਂਸ ਦੀ ਰਾਗਣੀ ਹੈ। ਜੇਹਾ ਕੁ 'ਗੌਂਡਕਰੀ ਅਰੁ ਦੇਵਗੰਧਾਰੀ'। ਗੌਰੀ, ਸੁਧ ਆਸਾਵਰੀ, ਭੈਰੋਂ, ਦੇਵਗਿਰੀ ਦੇ ਮੇਲ ਕਰਕੇ ਦੇਵਗੰਧਾਰੀ ਬਣਦੀ ਹੈ। ਪ੍ਰੰਤੂ ਹੋਰਨਾਂ ਮੱਤਾਂ ਵਿਚ ਜੇਹਾ ਕੁ 'ਨ੍ਰਿਤਯ ਨਿਰਣੈ' ਵਿਚ ਸਿਰੀ ਰਾਗ ਦਾ ਪੁਤ੍ਰ ਲਿਖਿਆ ਹੈ ਅਤੇ ਕਾਲੀਨਾਥ ਮੱਤ ਵਿਚ ਸਿਰੀ ਰਾਗ ਦੀ ਗਿਣਤੀ ਹੈ ਅਤੇ 'ਮਾਨ ਕੌਤੂਹਲ' ਵਿਚ ਸ਼ੁਧ ਰਾਗ ਦੇਵਗੰਧਾਰ ਮੰਨਿਆ ਹੈ। ਸ੍ਰੀਮਾਨ ਡਾਕਟਰ ਚਰਨ ਸਿੰਘ ਦੀ ਖੋਜ ਪੰਨਾ ੨੨ ਅਨੁਸਾਰ 'ਨਾਦ ਬਿਨੋਦ' ਵਿਚ ਭੈਰੋਂ ਦਾ ਪੁੱਤਰ ਕਰਕੇ ਲਿਖਿਆ ਹੈ। 'ਸੰਗੀਤ ਬਿਨੋਦ' ਅਤੇ 'ਰਾਗ ਦੀਪਕ' ਵਿਚ ਵੀ ਮਾਲਕੌਂਸ ਦੀ ਇਸਤਰੀ ਕਰਕੇ ਲਿਖਿਆ ਹੈ। ਰਾਗ ਮਾਲਾ ਵਿਚ ਵੀ ਮਾਲਕੌਂਸ ਦੀ ਰਾਗਣੀ ਕਰਕੇ ਲਿਖੀ ਹੈ। ਇਨ੍ਹਾਂ ਨੇ ਹੋਰ ਪਗੀਚੈ ਦੇਵਗੰਧਾਰ ਰਾਗ ਦਾ ਹੀ ਦਿੱਤਾ ਹੈ। ਭਾਈ ਕਾਨ੍ਹ ਸਿੰਘ ਨਾਭਾ ਦੇ 'ਮਹਾਨ ਕੋਸ਼' ਅਨੁਸਾਰ ਦੇਵਗੰਧਾਰੀ ਬਿਲਾਵਲ ਥਾਟ ਦੀ ਸੰਪੂਰਨ ਰਾਗਨੀ ਹੈ। ਸਾਰੇ ਸ਼ੁੱਧ ਸਵਰ ਹਨ ਸ਼ੜਜ ਵਾਦੀ ਤੇ ਪੰਚਮ ਸੰਵਾਦੀ ਹੈ। ਗੰਧਾਰ ਦੁਰਬਲ ਹੋ ਕੇ ਲਗਦਾ ਹੈ। ਗਾਉਣ ਦਾ ਵੇਲਾ ਚਾਰ ਘੜੀ ਦਿਨ ਚੜ੍ਹੇ ਹੈ। ਆਰੋਹੀ

ਸ ਰ ਮ ਪ ਧ ਸਂ ਅਵਰੋਹੀ ਸਂ ਨ ਧ ਮ ਗ ਰ ਸ। ਕਿਤਨਿਆਂ ਨੇ ਦੇਵਗੰਧਾਰੀ ਵਿਚ ਸ਼ੜਜ ਪੰਚਮ ਮੱਧਮ ਸ਼ੁੱਧ, ਰਿਸ਼ਭ ਗੰਧਾਰ ਧੈਵਤ ਅਤੇ ਨਿਸ਼ਾਦ ਕੋਮਲ ਮੰਨੇ ਹਨ। ਡਾਕਟਰ ਜੀ ਐਸ ਮਾਨਸੁਖਾਨੀ ਦੇ 'ਇੰਡੀਅਨ ਕਲਾਸੀਕਲ ਮਿਊਜ਼ਿਕ ਐਂਡ ਸਿੱਖ ਕੀਰਤਨ' ਵਿਚ ਰਾਗ ਦੇਵਗੰਧਾਰੀ ਨੂੰ ਭੈਰਵ ਥਾਟ ਦੀ ਔੜਵ ਸੰਪੂਰਨ ਜਾਤੀ ਦਾ ਰਾਗ ਮੰਨਿਆ ਹੈ ਦੋਵੇਂ ਰਿਸ਼ਭ, ਦੋਵੇਂ ਧੈਵਤ ਤੇ ਦੋਵੇਂ ਨਿਸ਼ਾਦ ਹੋਰ ਸਵਰ ਸ਼ੁਧ ਹਨ। ਵਾਦੀ ਮ ਸੰਵਾਦੀ ਸ ਹੈ। ਆਰੋਹ ਸ ਰ ਮ ਪ ਧੁ ਪ ਮ, ਪ ਧ ਸਂ, ਰਂ ਸਂ, ਅਵਰੋਹ ਰਂ ਸਂ ਨ ਧੁ ਪ, ਮ ਨੁ ਪ, ਮ ਗ ਰ ਸ। ਪੰਜਾਬੀ ਯੂਨੀਵਰਸਿਟੀ ਪਟਿਆਲਾ ਵਲੋਂ ਪ੍ਰਕਾਸ਼ਿਤ 'ਦਾ ਐਨਸਾਈਕਲੋਪੀਡੀਆ ਆਫ ਸਿਖਇਜ਼ਮ' ਵੋ.੨, ਪੰਨਾ ੧੭੧ ਅਨੁਸਾਰ ਰਾਗ ਦੇਵਗੰਧਾਰੀ ਅਪ੍ਰਚਲਿਤ ਰਾਗ ਹੈ। ਰਾਗ ਮਾਲਾ ਵਿਚ ਦੇਵਗੰਧਾਰੀ ਮਾਲਕੌਂਸ ਦੀ ਰਾਗਨੀ ਹੈ ਪਰ ਅੱਜ ਦਾ ਦੇਵਗੰਧਾਰੀ ਆਸਾਵਰੀ ਥਾਟ ਦਾ ਹੈ। ਇਸ ਰਾਗ ਵਿਚ ਬੀਰ ਰਸ ਦੀ ਪ੍ਰਧਾਨਤਾ ਹੈ, ਮਧਿਅਮ ਵਾਦੀ ਤੇ ਸ਼ੜਜ ਸੰਵਾਦੀ ਹੈ। ਆਰੋਹ ਸ ਰ ਮ ਪ ਧ ਸਂ ਅਵਰੋਹ ਸਂ ਨ ਧ ਪ, ਮ ਪ, ਧੁ ਨੁ ਧੁ ਪ, ਮ ਗ ਰ ਸ ਪਕੜ ਧੁ ਨੁ ਧੁ ਪ, ਮ ਗ, ਸ ਰ ਮ, ਗ ਸ ਰ ਗ ਸ।

ਗੁਰਮਤਿ ਸੰਗੀਤ ਦੇ ਗਾਇਕ ਗ੍ਰੰਥਕਾਰਾਂ ਨੇ ਆਪਣੇ ਗ੍ਰੰਥਾਂ ਵਿਚ ਰਾਗੁ ਦੇਵਗੰਧਾਰੀ ਦੇ ਸਰੂਪ ਦਾ ਵਿਵਰਣ ਇਸ ਪ੍ਰਕਾਰ ਦਿੱਤਾ ਹੈ। 'ਸੁਰ ਸਿਮਰਣ ਸੰਗੀਤ ਭਾਗ-੬' ਵਿਚ ਸੰਤ ਸਰਵਣ ਸਿੰਘ ਗੰਧਰਵ ਨੇ ਦੇਵਗੰਧਾਰੀ ਦਾ ਸਰੂਪ ਪ੍ਰਚਲਿਤ ਦੇਵਗੰਧਾਰ ਦਾ ਸਰੂਪ ਹੀ ਮੰਨਿਆ ਹੈ। ਇਸ ਤੋਂ ਬਿਨਾਂ ਉਨ੍ਹਾਂ ਨੇ ਔੜਵ ਸੰਪੂਰਨ ਜਾਤੀ ਦਾ ਰਾਗ ਜਿਸ ਦੇ ਸਰੂਪ ਵਿਚ ਪੂਰਵਾਂਗ ਵਿਚ ਧਨਾਸਰੀ ਤੇ ਉਤਰਾਂਗ ਵਿਚ ਜੌਨਪੁਰੀ ਹੈ ਉਸ ਦਾ ਵੀ ਜ਼ਿਕਰ ਕੀਤਾ ਹੈ। 'ਗੁਰਮਤ ਸੰਗੀਤ ਸਾਗਰ' ਭਾਗ-੨ ਦੇ ਕਰਤਾ ਪ੍ਰਿੰਸੀਪਲ ਦਿਆਲ ਸਿੰਘ ਨੇ ਦੇਵਗੰਧਾਰੀ ਦੇ ਦੋ ਵੱਖ ਵੱਖ ਸਰੂਪ ਮੰਨੇ ਹਨ। ਪਹਿਲਾ ਸ ਗੁ ਮ ਪ ਨੁ ਸਂ। ਸਂ ਨੁ ਧੁ ਪ ਮ ਗੁ ਰ ਸ। ਇਹ ਔੜਵ ਸੰਪੂਰਨ ਜਾਤੀ ਦਾ ਰਾਗ ਹੈ, ਪੂਰਵਾਂਗ ਵਿਚ ਧਨਾਸਰੀ ਤੇ ਉਤਰਾਂਗ ਵਿਚ ਜੌਨਪੁਰੀ ਹੈ। ਇਹ ਸਰੂਪ ਸੰਤ ਸਰਵਣ ਸਿੰਘ ਗੰਧਰਵ ਦੇ ਦਿੱਤੇ ਇਕ ਸਰੂਪ ਜੈਸਾ ਹੀ ਹੈ। ਦੂਜਾ ਸਰੂਪ ਸੰਪੂਰਨ ਜਾਤੀ ਦਾ ਹੈ ਸ ਰ ਗ; ਮ, ਪ ਧੁ-ਪ, ਮ ਪ ਧੁ ਨੁ ਸਂ। ਸਂ ਨੁ ਧੁ ਪ, ਧੁ ਮ, ਪ ਗੁ ਰ ਸ। ਦੋਵੇਂ ਗੰਧਾਰ ਇਸ ਰਾਗ ਵਿਚ ਪ੍ਰਯੋਗ ਹੁੰਦੇ ਹਨ। ਇਹ ਸਰੂਪ ਪ੍ਰਚਲਿਤ ਰਾਗ ਦੇਵਗੰਧਾਰ ਨਾਲ ਮਿਲਦਾ ਜੁਲਦਾ ਹੈ। ਡਾਕਟਰ ਗੁਰਨਾਮ ਸਿੰਘ ਦੇ 'ਆਦਿ ਗ੍ਰੰਥ ਰਾਗ ਕੋਸ਼' ਅਨੁਸਾਰ ਰਾਗ ਦੇਵਗੰਧਾਰੀ ਥਾਟ ਆਸਾਵਰੀ ਦਾ ਸੰਪੂਰਨ ਜਾਤੀ ਦਾ ਰਾਗ ਹੈ। ਵਾਦੀ ਸ਼ੜਜ ਸੰਵਾਦੀ ਪੰਚਮ ਹੈ। ਸਰੂਪ ਸ ਰ ਗ, ਮ ਨੁ ਧੁ ਨੁ ਪ, ਮ ਪ ਧੁ ਨੁ ਸਂ। 'ਪ੍ਰਾਚੀਨ ਗੀਤ ਰਤਨਾਵਲੀ' ਦੇ ਕਰਤਾ ਭਾਈ ਅਵਤਾਰ ਸਿੰਘ, ਭਾਈ ਗੁਰਚਰਨ ਸਿੰਘ ਨੇ ਦੇਵਗੰਧਾਰੀ ਦੇ ਤਿੰਨ ਵੱਖ ਵੱਖ ਸਰੂਪ ਮੰਨੇ ਹਨ। ਪਹਿਲਾ ਸਰੂਪ ਦੇਵਗੰਧਾਰੀ ਆਸਾ ਹੈ। ਇਹ ਬਿਲਾਵਲ ਅੰਗ, ਔੜਵ ਸੰਪੂਰਨ ਜਾਤੀ ਦਾ ਰਾਗ ਹੈ। ਅਰੋਹੀ ਸ ਰ ਮ, ਪ ਧ, ਪ ਮ, ਪ ਧ ਸਂ। ਅਵਰੋਹੀ ਸਂ ਨ ਧ ਪ, ਨੁ ਧ ਪ, ਮ ਗ ਰ ਸ। ਦੂਜਾ ਸਰੂਪ ਦੇਵਗੰਧਾਰੀ ਆਸਾਵਰੀ ਅੰਗ ਹੈ। ਇਹ ਔੜਵ ਸੰਪੂਰਨ ਜਾਤੀ ਦਾ ਰਾਗੁ ਹੈ। ਆਰੋਹੀ ਸ ਰ ਗ ਮ, ਧੁ ਪ ਮ, ਧੁ ਪ ਧੁ ਸਂ। ਅਵਰੋਹੀ ਸਂ ਨੁ ਧੁ ਪ, ਮ ਪ ਮ ਗੁ ਰ ਸ ਨੁ ਸ। ਦੇਵਗੰਧਾਰੀ ਦਾ ਤੀਜਾ ਪ੍ਰਕਾਰ ਜੋ ਪੁਰਾਤਨ ਤੇ ਜ਼ਿਆਦਾ ਪ੍ਰਮਾਣਿਤ ਮੰਨਿਆ ਗਿਆ ਹੈ, ਇਸ ਵਿਚ ਦੋਵੇਂ ਨਿਸ਼ਾਦ, ਦੋਵੇਂ ਧੈਵਤ ਤੇ ਹੋਰ ਸਭ ਸਵਰ ਸ਼ੁਧ ਲਗਦੇ ਹਨ। ਆਰੋਹ ਸ ਰ ਮ, ਪ ਧ ਸਂ। ਅਵਰੋਹ ਸਂ ਨ ਧ ਪ ਮ ਪ, ਧੁ ਨੁ ਧੁ ਪ ਮ ਰਾਗ ਆਸਾ ਤੇ ਰਾਗ ਆਸਾਵਰੀ ਦਾ ਬਹੁਤ ਸੁੰਦਰ ਮਿਸ਼ਰਨ ਹੈ। ਥਾਟ ਰਾਗ ਵਰਗੀਕਰਨ ਵਿਚ ਇਹ ਰਾਗ ਨਾ ਹੀ ਬਿਲਾਵਲ ਤੇ ਨਾ ਹੀ ਆਸਾਵਰੀ ਥਾਟ ਦੇ ਅੰਤਰਗਤ ਆਉਂਦਾ ਹੈ। 'ਗੁਰਬਾਣੀ ਸੰਗੀਤ' ਵਿਚ ਸ. ਗਿਆਨ ਸਿੰਘ ਐਬਟਾਬਾਦ ਤੇ 'ਸ੍ਰੀ ਗੁਰੂ ਗ੍ਰੰਥ ਸਾਹਿਬ ਰਾਗ ਰਤਨਾਵਲੀ' ਵਿਚ ਪ੍ਰੋਫੈਸਰ ਤਾਰਾ ਸਿੰਘ ਨੇ ਤੇ 'ਗੁਰੂ ਨਾਨਕ ਸੰਗੀਤ ਪਧਤੀ ਗ੍ਰੰਥ' ਜਵੱਦੀ ਟਕਸਾਲ ਵਿਚ ਵੀ ਰਾਗ ਦਾ ਇਹੀ ਸਰੂਪ ਦਿੱਤਾ ਹੈ। ਇਸ ਵਿਚ ਦੋ ਧੈਵਤ ਦੋ ਨਿਸ਼ਾਦ ਦਾ ਵੱਖ ਵੱਖ ਪ੍ਰਯੋਗ ਆਸਾ ਤੋਂ ਆਸਾਵਰੀ ਤੇ ਆਸਾਵਰੀ ਤੋਂ ਆਸਾ ਦਾ ਸਰੂਪ ਬਣਾਉਂਦਾ ਹੈ ਪਰ ਸ਼ੁੱਧ ਮਧਿਅਮ ਤੇ ਨਿਆਸ ਨਾਲ ਦੇਵਗੰਧਾਰੀ ਦਾ ਇਕ ਸੁਤੰਤਰ ਸਰੂਪ ਬਣ ਜਾਂਦਾ ਹੈ। ਮ ਪ ਧੁ ਨੁ ਧੁ ਪ, ਮ ਗ ਸ ਰ ਮ - ਮ ਪ ਧ ਸਂ, ਨ ਧ ਪ, ਧੁ ਨੁ ਧੁ ਪ ਮ ਗ, ਸ ਰ ਮ। ਇਹ ਸਵਰ ਸਮੂਹ ਦਾ ਪ੍ਰਯੋਗ ਰਾਗ ਦੇਵਗੰਧਾਰੀ ਦੇ ਸਰੂਪ ਨੂੰ ਜਗਾਉਂਦਾ ਹੈ। ਕਿਤੇ ਕਿਤੇ ਨਿਸ਼ਾਦ ਕੋਮਲ ਦਾ ਪ੍ਰਯੋਗ ਪ ਧ ਸਂ, ਸਂ ਰਂ ਗਂ ਸਂ ਨੁ ਧ ਪ ਇਸ ਢੰਗ ਨਾਲ ਵੀ ਲਿਆ ਜਾਂਦਾ ਹੈ। ਮਹਿਤਾਬ ਏ ਮੌਸੀਕੀ ਪੰਡਿਤ ਦਲੀਪ ਚੰਦਰ ਜੀ ਬੇਦੀ, ਜੋ ਸੰਗੀਤ ਜਗਤ ਦੇ ਮਹਾਨ ਵਿਦਵਾਨ ਤੇ ਰਾਗ ਨਿਰਣਾਇਕ ਕਮੇਟੀ ਦੇ ਮੁਖੀ ਸਨ ਉਨ੍ਹਾਂ ਰਾਗ ਦੇਵਗੰਧਾਰੀ ਦੇ ਇਸ ਸਰੂਪ ਨੂੰ ਵੱਖ ਵੱਖ ਸਵਰ ਸਮੂਹ ਦਾ ਗਾਇਣ ਕਰਕੇ ਇਸ ਨੂੰ ਪੁਰਾਤਣ ਤੇ ਠੀਕ ਸਵਰੂਪ ਮੰਨਿਆ ਹੈ।

*'ਗੁਰਮਤ ਸੰਗੀਤ ਦਰਪਣ' 'ਚੋਂ ਧੰਨਵਾਦ ਸਹਿਤ*

# Sound and Silence

**Man Mohan Singh**

When the natural object vibrates at certain frequency the sound vibrations are produced, which are received through ears and interpreted by mind.

At the center is silence, in general our ears prone to noise, feel uneasiness when subjected to silence, when the ears becomes habitual to silence the feeling of unease wears off.

Holi scriptures say in the beginning there was word (shabad) and word was god, god created the world with the word.

Sound originates from the lap of silence. When that silence is broken, the music is originated, air in still condition can not produce sound but the same air when flows create music, similarly still water in pond cannot create sound and the same water at the sea shore creates a music a very natural music.

Silence is anhad, when silence is broken or wounded it becomes naad, senses can register naad, but not the anhad. Anhad can be registered by high state of refined-mind.

Music is an outcome of pain, which the aghat produces in the way by striking or wounding the silence. This pain turns into the joy and soothing form of music is produced, which is most perfect form of art, since creation of universe.

Silence can be wounded in so many of different ways to produce sound. Strike the palm (taali), use of fingers, help of wind or breath, leather used too. Even a flat piece of stones or tiles used by street singers to produce perfect melodies, equally matching the sophisticated e-instruments, but the most perfect and primary instrument is human voice that no instrument can produce or duplicate. Though at heart all the instruments are striving to duplicate.

Ears are at ease while listening the human voice, need no analyses to listen the human voice, unlike they strive hard to register the instrumental sound. Human voice is a perfect music. This perfectness also comes from the fact that human is an image of god. This image carries the same power of voice that is with god. It god created the world with word then human as well carries the power of words (the sound).

Voice is the powerful tool the man carries handy with him. If soothes, it hurts, it calms other. Repeated utterance cleanses the surrounding (naam simran). Voice is the most powerful media to talk with the God ether filled media acts as an ideal media for transmitting thoughts and voice to the eternity. Ripples created by voice here in immediate surrounding pushes the ether particles to transmit the voice or sound to the higher intelligence, which is a permanent channel to contact god. This is how our prayer (a sound form) reaches the god and through the same media the prayer are answered too by the god.

If the sound is so powerful the silence is even more powerful as it is like expanding universe, spreads in all possible directions, also the silence is complete (pooran), rest is incomplete (apooran). Silence is told to be celebrated, noise is too celebrated (develop the feeling of calmness in the crowd). Silence helps the man (if it is observed) to receive the thoughts from the eternity (voice of god).

Sound and silence are same at the core, what remains ultimately is silence, remove sound silence is left, that is anhad.

---

103 Avanish Apartment, Dev Deep Complex, Nizampura, Vadodara, Gujarat,

# ਸੁਰ ਲਿਪੀ

ਪ੍ਰੋ: ਨਰਿੰਦਰ ਕੌਰ

*ਰਾਗ ਟੋਡੀ*

**ਆਰੋਹ:** ਸ ਰੇ ਗ ਮੇ ਪ ਧ ਨੀ ਸੰ।

**ਅਵਰੋਹ:** ਸੰ ਨੀ ਧ ਪ ਮੇ ਗ ਰੇ ਸ।

**ਜਾਤੀ:** ਸੰਪੂਰਣ-ਸੰਪੂਰਣ, **ਥਾਟ:** ਤੋੜੀ(ਟੋਡੀ) ਰੇ, ਗ, ਧ ਕੋਮਲ, ਮ ਤੀਵਰ

**ਸਮਾਂ:** ਦਿਨ ਦਾ ਦੂਜਾ ਪਹਿਰ, **ਵਾਦੀ:** ਧ, **ਸੰਵਾਦੀ:** ਰੇ

**ਮੁੱਖ ਅੰਗ:** ਧ ਨੀ ਸ, ਰੇ, ਗ, ਰੇ, ਸ, ਮੇ ਗ, ਪ ਮੇ ਗ, ਰੇ ਗ, ਰੇ, ਸ।

**ਸੁਰ ਵਿਸਥਾਰ-** ਸ ਰੇ ਗ, ਰੇ ਗ, ਰੇ ਸ, ਨੀ ਧ ਨੀ ਸ, ਸ
ਰੇ ਗ ਮੇ ਗ, ਧ ਪ ਮੇ ਗ, ਰੇ, ਸ।
ਧ ਨੀ ਸ ਰੇ ਗ, ਮੇ ਗ, ਧ ਪ ਮੇ ਗ, ਮੇ
ਪ ਧ ਨੀ ਧ, ਪ, ਮੇ ਧ ਮੇ ਗ, ਰੇ ਸ।
ਮੇ ਗ, ਮੇ ਧ, ਨੀ, ਸੰ, ਰੇਂ ਗੰ, ਰੇਂ ਸ,
ਨੀ ਸੰ, ਰੇਂ, ਨੀ ਧ, ਪ, ਮੇ ਪ ਧ, ਮੇ ਗ, ਰੇ ਗ, ਰੇ, ਸ।

**ਤਾਲ-ਕਹਿਰਵਾ (ਲੈਅ-ਮੱਧ)**

| 1 | 2 | 3 | 4 | 5 | 6 | 7 | 8 |
|---|---|---|---|---|---|---|---|
| x | | | | 0 | | | |
| **ਸਥਾਈ** | | | | | | ਧ | ਧ |
| | | | | | | *ਪ੍ਰ* | *ਭ* |
| – | ਮੇ | ਧ | ਮੇ | ਗ | ਰੇ | ਸ | ਰੇ |
| *ऽ* | *ਤੇ* | *ऽ* | *ਰੇ* | *ਪ* | *ਗ* | *ਕੀ* | *ऽ* |
| ਮੇਗ | – | ਗ | – | – | – | ਗਰੇ | ਸਰੇ |
| *ਧੂ* | *ऽ* | *ਰਿ* | *ऽ* | *ऽ* | *ऽ* | *ਪ੍ਰऽ* | *ਭऽ* |
| ਗ | ਗ | – | ਗ | ਰੇ | ਰੇ | ਰੇ | ਗ |
| *ऽ* | *ਤੇ* | *ऽ* | *ਰੇ* | *ਪ* | *ਗ* | *ਕੀ* | *ऽ* |
| ਰੇ | – | ਸ | – | – | – | ਸ | ਸਰੇ |
| *ਧੂ* | *ऽ* | *ਰਿ* | *ऽ* | *ऽ* | *ऽ* | *ਦੀ* | *ਨਦ* |
| ਗ | – | ਮੇ | ਮੇ | ਧ | ਧ | ਧ | ਧ |
| *ਇਆ* | *ऽ* | *ਲ* | *ਪ੍ਰੀ* | *ਤ* | *ਮ* | *ਮ* | *ਨ* |

| | | | | | | | |
|---|---|---|---|---|---|---|---|
| ਪ | – | ਪ | ਪ | – | – | ਧੁ | ਧੁ |
| ਮੋ | ऽ | ਹ | ਨ | ऽ | ऽ | ਕ | ਰਿ |
| – | ਮੇਮੇ | ਧੁ | ਮੇਗੁ | ਗੁ | ਰੇ | ਸ | ਰੇ |
| ऽ | ਕਿਰ | ਪਾ | ਮੇਗੀ | ਲੋ | ऽ | ਚਾ | ऽ |
| ਮੇ | ਗੁ | ਗੁ | – | – | – | ਗੁਰੇ | ਸਰੁ |
| ਪੂ | ऽ | ਰ | ऽ | ऽ | ऽ | ਕऽ | ਰਿऽ |
| ਗੁ | ਗੁਗੁ | ਗੁ | ਗੁਗੁ | ਰੇ | – | ਰੇ | ਗੁ |
| ऽ | ਕਿਰ | ਪਾ | ਮੇਰੀ | ਲੋ | | ਚਾ | ऽ |
| ਰੇ | – | ਸ | – | – | – | ਧੁ | ਧੁ |
| ਪੂ | ऽ | ਰਿ | ऽ | ऽ | ऽ | ਪ੍ਰ | ਭ |

**ਅੰਤਰਾ**

| | | | | | | | |
|---|---|---|---|---|---|---|---|
| x | | | | 0 | | | |
| | | | | – | –ਧੁ | ਧੁਮੇ | ਗੁ |
| | | | | ऽ | –ਦ | ਹਦਿ | ਸ |
| ਮੇ | –ਧੁ | – | ਮੇਧੁ | ਸਂ | – | –ਸਂ | ਸਂ |
| ਰ | ਵ | ऽ | ਰਹਿ | ਆ | ऽ | ऽਜ | ਸ |
| ਗੁਰੇਂ | ਰੇਂ | ਸ | – | – | – | ਗੁਰੇਂ | ਸਰੇਂ |
| ਤੁऽ | ਮ | ਰਾ | ऽ | ऽ | ऽ | ਅੰऽ | ਤऽ |
| ਗੁਂ | ਗੁਂ | ਗੁਂ | ਗੁਮੇਂ | ਰੇਂ | ਰੇਂ | – | ਮੇਂਗੁਂ |
| ਰ | ਜਾ | ਮੀ | ऽऽ | ਸ | ਦਾ | ऽ | ਹ |
| ਰੇਂ | – | ਸਂ | – | – | ਧੁ | ਗੁਰੇਂ | ਰੇਂ |
| ਜੁ | ऽ | ਰ | ऽ | ऽ | ਜੋ | ऽਤੁ | ਮ |
| ਸਂ | – | ਸਂ | ਸਂ | – | ਨੀ | ਸਂਨੀ | ਧੁ |
| ਗਾ | ऽ | ਜ | ਸ | ऽ | ਗਾ | ਵ | ਹਿ |
| ਪ | ਪ | ਪ | – | – | – | ਸ | ਸਰੇ |
| ਕ | ਰ | ਤੇ | ऽ | ऽ | ऽ | ਸੇ | ਜਨ |

| | | | | | | | |
|---|---|---|---|---|---|---|---|
| ਗੁਗੁ | -ਮੇ | - | ਮੇ | ਧੁ | ਧੁ | ਮੇ | ਧੁ |
| ਕਬ | ऽਹੁ | ऽ | ਨ | ਮ | ਰ | ਤੇ | ऽ |
| ਸੰ | - | - | - | ਸੰ | - | ਗੁਰੇਂ | ਸਰੇਂ |
| ਝੂ | ऽ | ऽ | ऽ | ਰ | ऽ | ਪੂऽ | ਭऽ |
| ਗੁਂ | ਗੁਂ | - | ਗੁਂ | ਰੇਂ | ਰੇਂ | ਰੇਂ | ਗੁਂ |
| ऽ | ਤੇ | ऽ | ਰੇ | ਪ | ਗ | ਕੀ | ऽ |
| ਰੇਂ | - | ਸੰ | - | - | - | ਧੁ | ਧੁ |
| ਧੂ | ऽ | ਰ | ऽ | ऽ | ऽ | ਪੂ | ਭ |

*(ਅਗਲਾ ਅੰਤਰਾ ਇਸੀ ਧੁਨ 'ਤੇ)*

*ਲੈਕਚਰਾਰ, ਆਰੀਆ ਕਾਲਜ ਪਾਠਾਨਕੋਟ*

## ਸੁਰ-ਲਿਪੀ ਵਾਲੇ ਸ਼ਬਦ ਦੇ ਅਰਥ

ਮਨਮੋਹਨ ਸਿੰਘ

**SGGS - 969**

| | | |
|---|---|---|
| ਟੋਡੀ ਮਹਲਾ ੫ ॥ | Todi 5th Guru. | ਟੋਡੀ ਪੰਜਵੀਂ ਪਾਤਸ਼ਾਹੀ। |
| ਪ੍ਰਭ ਤੇਰੇ ਪਗ ਕੀ ਧੂਰਿ ॥ | My Master, I am the dust of Thine feet. | ਮੇਰੇ ਮਾਲਕ, ਮੈਂ ਤੇਰੇ ਪੈਰਾਂ ਦੀ ਧੂੜ ਹਾਂ। |
| ਦੀਨ ਦਇਆਲ ਪ੍ਰੀਤਮ ਮਨ ਮੋਹਨ ਕਰਿ ਕਿਰਪਾ ਮੇਰੀ ਲੋਚਾ ਪੂਰਿ ॥ ਰਹਾਉ ॥ | O My Beloved Lord compassionate to the meek and the soul-charmer, mercifully fulfill. Thou my aspiration. Pause. | ਹੇ ਮਸਕੀਨ ਤੇ ਮਿਹਰਬਾਨ! ਅਤੇ ਆਤਮਾ ਨੂੰ ਮੋਹ ਲੈਣ ਹਾਰ ਪਿਆਰੇ ਪ੍ਰਭੂ! ਦਇਆ ਧਾਰ ਕੇ, ਤੂੰ ਮੇਰੀ ਸੱਧਰ ਪੂਰਨ ਕਰ। ਠਹਿਰਾਉ। |
| ਦਹਦਿਸ ਰਵਿ ਰਹਿਆ ਜਸੁ ਤੁਮਰਾ ਅੰਤਰਜਾਮੀ ਸਦਾ ਹਜੂਰਿ ॥ | In ten directions, Thy praise is permeating O Thou inner knower Ever present art Thou. | ਦਸੀਂ ਪਾਸੀਂ ਤੇਰੀ ਕੀਰਤੀ ਰਮ ਰਹੀ ਹੈ। ਹੇ ਅੰਦਰਲੀਆਂ ਜਾਨਣਹਾਰ! ਤੂੰ ਸਦੀਵੀਂ ਹੀ ਅੰਗ ਸੰਗ ਹੈਂ। |
| ਜੋ ਤੁਮਰਾ ਜਸੁ ਗਾਵਹਿ ਕਰਤੇ ਸੇ ਜਨ ਕਬਹੁ ਨ ਮਰਤੇ ਝੂਰਿ ॥੧॥ | They, who sing Thy praise O Creator; Those persons die not ever regretting. | ਜਿਹੜੇ ਤੇਰੀ ਮਹਿਮਾ ਗਾਇਨ ਕਰਦੇ ਹਨ, ਹੇ ਸਿਰਜਣਹਾਰ, ਉਹ ਪੁਰਸ਼ ਕਦੇ ਭੀ ਪਸਚਾਤਾਪ ਕਰਦੇ ਨਹੀਂ ਮਰਦੇ। |
| ਧੰਧ ਬੰਧ ਬਿਨਸੇ ਮਾਇਆ ਕੇ ਸਾਧੂ ਸੰਗਤਿ ਮਿਟੇ ਬਿਸੂਰ ॥ | In the saints society finish the worldly affairs and entanglements and end all the sorrows. | ਸਤਿ ਸੰਗਤ ਅੰਦਰ ਨਿਬੜ ਜਾਂਦੇ ਹਨ ਸੰਸਾਰੀ ਕੰਮ ਅਤੇ ਅਸਲੇਟੇ ਮੁਕ ਜਾਂਦੇ ਹਨ ਸਾਰੇ ਰੁਝੇਵੇਂ। |
| ਸੁਖ ਸੰਪਤਿ ਭੋਗ ਇਸੁ ਜੀਅ ਕੇ ਬਿਨੁ ਹਰਿ ਨਾਨਕ ਜਾਨੇ ਕੂਰ ॥੨॥੪॥੨੩॥ | The comforts of wealth and this mind's revelments, without God, Nanak knows them as false. | ਧਨ ਦੌਲਤ ਤੇ ਆਰਾਮਾਂ ਅਤੇ ਇਸ ਮਨ ਦੀਆਂ ਰੰਗਰਲੀਆਂ ਵਾਹਿਗੁਰੂ ਦੇ ਬਾਝੋਂ, ਨਾਨਕ ਉਨ੍ਹਾਂ ਨੂੰ ਕੂੜੇ ਜਾਣਦਾ ਹੈ। |